# PROSPECTUS Cum Information Brochure 2026-27




ਪ੍ਰਾਸਪੈਕਟਸ
2026-27

GOVERNMENT COLLEGE GURDASPUR
सत्यम शिवम सुन्दरम

# ਸਰਕਾਰੀ ਕਾਲਜ ਗੁਰਦਾਸਪੁਰ

A PREMIER MULTI FACULTY POST GRADUATE
(CO-EDUCATIONAL INSTITUTION)

**NAAC ACCREDITED B++**

E-mail: gcgurdaspur@gmail.com | Website: www.govtcollegegurdaspur.ac.in

Scan OR Code for Registration
(New Admission)

# ਸੈਸ਼ਨ 2026-27 ਵਿਚ ਨਵੇਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ (ਬਿਨਾਂ ਲੇਟ ਫੀਸ)

**ਅੰਡਰ ਗ੍ਰੈਜੂਏਟ ਕਲਾਸਾਂ ਲਈ - ਮਿਤੀ 21-08-2026 ਤੱਕ**

**ਪੋਸਟ ਗ੍ਰੈਜੂਏਟ ਕਲਾਸਾਂ ਲਈ - ਮਿਤੀ 21-08-2026 ਤੱਕ**

**ਦਾਖਲੇ ਦੀ ਨਿਰਧਾਰਿਤ ਮਿਤੀ ਤੋਂ ਬਾਅਦ ਯੂਨੀਵਰਸਿਟੀ ਨਿਯਮਾਂ ਅਨੁਸਾਰ ਜ਼ੁਰਮਾਨਾ ਲਿਆ ਜਾਵੇਗਾ।**

## ਦਾਖਲਾ ਕਮੇਟੀ ਵੱਲੋਂ ਦਸਤਾਵੇਜ਼ ਚੈੱਕ

| | | |
|---|---|---|
| 1. ਬੀ.ਏ.(ਪਹਿਲੇ ਸਮੈਸਟਰ) ਲੜਕੀਆਂ | ਲਾਇਬ੍ਰੇਰੀ | 9.30 ਵਜੇ ਸਵੇਰੇ |
| 2. ਬੀ.ਏ.(ਪਹਿਲੇ ਸਮੈਸਟਰ) ਲੜਕੇ | ਲਾਇਬ੍ਰੇਰੀ | 9.30 ਵਜੇ ਸਵੇਰੇ |
| 3. ਬੀ. ਏ. (ਤੀਜਾ ਸਮੈਸਟਰ) | (ਕਮਰਾ ਨੰ. 3) | 9.30 ਵਜੇ ਸਵੇਰੇ |
| 4. ਬੀ.ਏ. (ਪੰਜਵਾਂ ਸਮੈਸਟਰ) | (ਕਮਰਾ ਨੰ.4) | 9.30 ਵਜੇ ਸਵੇਰੇ |
| 5. ਬੀ.ਕਾਮ. (ਪਹਿਲਾ, ਤੀਜਾ ਅਤੇ ਪੰਜਵਾਂ ਸਮੈਸਟਰ) | ਕਾਮਰਸ ਵਿਭਾਗ (ਕਮਰਾ ਨੰ.107) | 9.30 ਵਜੇ ਸਵੇਰੇ |
| 6. ਬੀ. ਐਸ. ਸੀ (ਪਹਿਲਾ ਮੈਡੀਕਲ, ਨਾਨ ਮੈਡੀਕਲ) | ਕਮਿਸਟਰੀ ਵਿਭਾਗ | 9.30 ਵਜੇ ਸਵੇਰੇ |
| 7. ਬੀ. ਐਸ. ਸੀ. (ਤੀਜਾ ਅਤੇ ਪੰਜਵਾਂ ਸਮੈਸਟਰ (ਮੈਡੀਕਲ, ਨਾਨ ਮੈਡੀਕਲ) | | ਕਮਿਸਟਰੀ ਵਿਭਾਗ |

## ਕਾਲਜ ਦੀ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਸੈਲਫ ਫਾਇਨਾਂਸਡ (Self Financed) ਕੋਰਸ

**ਬੀ.ਐੱਸ ਸੀ. ਕੰਪਿਊਟਰ ਸਾਇੰਸ (ਪਹਿਲਾ, ਤੀਜਾ, ਪੰਜਵਾਂ ਸਮੈਸਟਰ),**
**ਬੀ.ਸੀ.ਏ. (ਪਹਿਲਾ, ਤੀਜਾ, ਪੰਜਵਾਂ ਸਮੈਸਟਰ), ਬੀ.ਐੱਸ ਸੀ. ਇਕਨਾਮਿਕਸ (ਪਹਿਲਾ, ਤੀਜਾ, ਪੰਜਵਾਂ ਸਮੈਸਟਰ)**
**ਪੀ.ਜੀ.ਡੀ.ਸੀ.ਏ., ਬੀ.ਬੀ.ਏ. (Hons) (Banking, Financial Services & Insurance),**
**ਬੀ.ਕਾਮ. (Hons) (Tax Planning & Management)**
**ਐਮ. ਏ. (ਪੰਜਾਬੀ), ਐਮ.ਏ. (ਅੰਗਰੇਜ਼ੀ), ਐਮ.ਐੱਸ ਸੀ. (ਗਣਿਤ), ਬੀ.ਏ. (ਫਾਇਨ ਆਰਟਸ),**
**ਬੀ.ਏ. (ਮਾਸ ਕਮਿਊਨੀਕੇਸ਼ਨ), ਐੱਮ.ਕਾਮ**

**ਨਿਊ ਕੰਪਿਊਟਰ ਲੈਬ (HEIS) - 09.30 ਵਜੇ ਸਵੇਰੇ**

### ਜ਼ਰੂਰੀ ਨੋਟ

*ਉਪਰੋਕਤ ਮਿਤੀਆਂ ਦਾ ਸ਼ਡਿਊਲ ਯੂਨੀਵਰਸਿਟੀ ਵੱਲੋਂ ਲੋੜ ਅਨੁਸਾਰ ਤਬਦੀਲ ਕੀਤਾ ਜਾ ਸਕਦਾ ਹੈ ਜਿਸ ਸਬੰਧੀ ਜਾਣਕਾਰੀ ਕਾਲਜ ਵੱਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



# ਸੰਦੇਸ਼

ਪਿਆਰੇ ਵਿਦਿਆਰਥੀਓ ਅਤੇ ਅਭਿਵਾਵਕੋ,

ਮੈਨੂੰ ਬਹੁਤ ਖੁਸ਼ੀ ਅਤੇ ਗਰਵ ਮਹਿਸੂਸ ਹੋ ਰਿਹਾ ਹੈ ਕਿ ਮੈਂ ਤੁਹਾਡੇ ਸਾਹਮਣੇ ਸਰਕਾਰੀ ਕਾਲਜ ਗੁਰਦਾਸਪੁਰ ਦਾ ਪ੍ਰਾਸਪੈਕਟਸ 2026-27 ਪੇਸ਼ ਕਰ ਰਿਹਾ ਹਾਂ। ਇਹ ਸੰਸਥਾ ਸਿਰਫ਼ ਇੱਕ ਸਿੱਖਿਆ ਕੇਂਦਰ ਨਹੀਂ, ਬਲਕਿ ਵਿੱਦਿਆਰਥੀਆਂ ਦੇ ਸੁਫ਼ਨਿਆਂ ਨੂੰ ਸਾਕਾਰ ਕਰਨ ਵਾਲਾ ਇੱਕ ਮਜ਼ਬੂਤ ਮੰਚ ਹੈ। ਸਾਡਾ ਉਦੇਸ਼ ਸਿਰਫ਼ ਡਿਗਰੀਆਂ ਦੇਣਾ ਨਹੀਂ, ਸਗੋਂ ਵਿੱਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਸਫਲ, ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਨਾਗਰਿਕ ਬਣਾਉਣਾ ਹੈ।

ਪਿਛਲੇ ਸੈਸ਼ਨ ਦੌਰਾਨ ਕਾਲਜ ਨੇ ਵਿਕਾਸ, ਨਵੀਨਤਾ ਅਤੇ ਉਤਕ੍ਰਿਸ਼ਟਤਾ ਦੇ ਖੇਤਰ ਵਿੱਚ ਮਹੱਤਵਪੂਰਨ ਉਪੱਲਬਧੀਆਂ ਹਾਸਲ ਕੀਤੀਆਂ ਹਨ। ਦਾਖਲਿਆਂ ਵਿੱਚ 337 ਦਾ ਵਾਧਾ ਸਾਡੀ ਗੁਣਵੱਤਾ ਵਾਲੀ ਸਿੱਖਿਆ ਅਤੇ ਵਿੱਦਿਆਰਥੀਆਂ ਦੇ ਭਰੋਸੇ ਦਾ ਪ੍ਰਤੀਕ ਹੈ। ਅਸੀਂ ਸਮੇਂ ਦੀਆਂ ਲੋੜਾਂ ਨੂੰ ਸਮਝਦੇ ਹੋਏ **BBA (Banking, Finanical Serivces & Insurance), B.Com (Tax Planning & Management), M.Com** ਅਤੇ **M.A.** ਪੰਜਾਬੀ ਵਰਗੇ ਨਵੇਂ ਰੁਜ਼ਗਾਰਮੁਖੀ ਕੋਰਸ ਸ਼ੁਰੂ ਕੀਤੇ ਹਨ, ਜਿਨ੍ਹਾਂ ਨਾਲ ਵਿਦਿਆਰਥੀਆਂ ਲਈ ਨਵੇਂ ਕਰੀਅਰ ਦੇ ਦਰਵਾਜ਼ੇ ਖੁੱਲ੍ਹ ਰਹੇ ਹਨ। ਇਸ ਤੋਂ ਇਲਾਵਾ, ਆਉਣ ਵਾਲੇ ਸੈਸ਼ਨ ਵਿੱਚ **Mass Communication & Video Produciton, Fine Arts** ਅਤੇ **M.Sc. Mathemaitcs** ਵਰਗੇ ਹੋਰ ਨਵੇਂ ਕੋਰਸ ਵੀ ਸ਼ੁਰੂ ਕਰਨ ਦੀ ਯੋਜਨਾ ਹੈ।

ਸਾਡੀ ਸੰਸਥਾ ਅਕਾਦਮਿਕ ਉਤਕ੍ਰਿਸ਼ਟਤਾ ਦੇ ਨਾਲ-ਨਾਲ ਸਾਂਸਕ੍ਰਿਤਿਕ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਅਗੇਤਰਨੀ ਭੂਮਿਕਾ ਨਿਭਾ ਰਹੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਦੂਜਾ ਸਥਾਨ ਅਤੇ 102 ਅੰਕ ਪ੍ਰਾਪਤ ਕਰਨਾ ਸਾਡੇ ਵਿਦਿਆਰਥੀਆਂ ਦੀ ਕਾਬਲੀਅਤ ਅਤੇ ਸਮਰਪਣ ਦਾ ਸਪਸ਼ਟ ਪ੍ਰਮਾਣ ਹੈ। ਇਸ ਦੇ ਨਾਲ ਹੀ, **NCC** ਅਤੇ ਖੇਡਾਂ ਵਿੱਚ ਵੀ ਵਿਦਿਆਰਥੀਆਂ ਨੇ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ।

ਅਸੀਂ ਅਧੁਨਿਕ ਢਾਂਚਾਗਤ ਸੁਵਿਧਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਸਮਾਰਟ ਕਲਾਸਰੂਮ, ਅਪਗ੍ਰੇਡ ਕੀਤੀਆਂ ਕੰਪਿਊਟਰ ਲੈਬਾਂ, ਨਵੀਨੀਕਰਤ ਪੋਸਟ ਗ੍ਰੈਜੂਏਟ ਬਲਾਕ ਅਤੇ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਨਾਲ ਸਿੱਖਣ ਦਾ ਮਾਹੌਲ ਹੋਰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਫੈਕਲਟੀ ਡਿਵਲਪਮੈਂਟ ਪ੍ਰੋਗਰਾਮਾਂ ਰਾਹੀਂ ਅਧਿਆਪਕਾਂ ਦੀ ਯੋਗਤਾ ਨੂੰ ਨਿਖਾਰਿਆ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਸਭ ਤੋਂ ਉੱਚ ਦਰਜੇ ਦੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

ਸਾਡੀ ਸੰਸਥਾ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਉਤਨੀ ਹੀ ਤਰਜੀਹ ਦਿੰਦੀ ਹੈ। ਸਫਾਈ ਅਭਿਆਨ, ਕਾਨੂੰਨੀ ਜਾਗਰੂਕਤਾ ਅਤੇ ਪਰਿਆਵਰਨ ਸੰਰਕਸ਼ਣ ਜਿਹੀਆਂ ਗਤੀਵਿਧੀਆਂ ਰਾਹੀਂ ਅਸੀਂ ਵਿਦਿਆਰਥੀਆਂ ਵਿੱਚ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਪੈਦਾ ਕਰਦੇ ਹਾਂ।

ਸਾਨੂੰ ਮਾਣ ਹੈ ਕਿ ਸਾਡੇ ਪ੍ਰਤਿਭਾਸ਼ਾਲੀ ਵਿਦਿਆਰਥੀ ਉੱਚ ਅਹੁਦਿਆਂ 'ਤੇ ਪਹੁੰਚ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਸਾਡੇ ਹੀ ਇੱਕ ਮਾਣਯੋਗ ਐਲਮਨੀ ਸ਼੍ਰੀ ਕਵਿੰਦਰ ਗੁਪਤਾ ਜੀ, ਜੋ ਕਿ ਹਿਮਾਚਲ ਪ੍ਰਦੇਸ਼ ਦੇ ਮਾਣਯੋਗ ਰਾਜਪਾਲ ਹਨ, ਸਾਡੇ ਲਈ ਪ੍ਰੇਰਣਾ ਦਾ ਸਰੋਤ ਹਨ। ਇਹ ਸਾਬਤ ਕਰਦਾ ਹੈ ਕਿ ਇਸ ਕਾਲਜ ਤੋਂ ਉਡਾਨ ਭਰਨ ਵਾਲੇ ਵਿਦਿਆਰਥੀ ਦੇਸ਼ ਦੇ ਸਭ ਤੋਂ ਉੱਚ ਮੰਚਾਂ ਤੱਕ ਪਹੁੰਚ ਸਕਦੇ ਹਨ।

ਪਿਆਰੇ ਵਿਦਿਆਰਥੀਓ, ਮੈਂ ਤੁਹਾਨੂੰ ਸੱਦਾ ਦਿੰਦਾ ਹਾਂ ਕਿ ਤੁਸੀਂ ਇਸ ਸੰਸਥਾ ਦਾ ਹਿੱਸਾ ਬਣੋ ਅਤੇ ਆਪਣੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਪਹਿਲਾ ਕਦਮ ਚੁੱਕੋ। ਇੱਥੇ ਤੁਹਾਨੂੰ ਸਿਰਫ਼ ਸਿੱਖਿਆ ਨਹੀਂ, ਸਗੋਂ ਜੀਵਨ ਦੀ ਦਿਸ਼ਾ ਮਿਲੇਗੀ।

"ਜਿੱਥੇ ਜੜਾਂ ਮਜ਼ਬੂਤ ਹੁੰਦੀਆਂ ਹਨ, ਉੱਥੇ ਉਡਾਨ ਉੱਚੀ ਹੁੰਦੀ ਹੈ।"

ਤੁਹਾਡੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਨਾਲ,

**ਡਾ. ਅਸ਼ਵਨੀ ਕੁਮਾਰ ਭੱਲਾ**
ਪ੍ਰਿੰਸੀਪਲ
ਸਰਕਾਰੀ ਕਾਲਜ, ਗੁਰਦਾਸਪੁਰ

## ਜ਼ਰੂਰੀ ਨੋਟ

ਬੀ.ਏ., ਬੀ.ਕਾਮ, ਬੀ.ਐਸ.ਸੀ., ਬੀ.ਸੀ.ਏ, ਬੀ.ਬੀ.ਏ (Hons) (Banking, Financial Services & Insurance), ਬੀ.ਕਾਮ (Hons) (Tax Planning and Management), ਐਮ.ਐਸ ਸੀ. (Maths), ਐਮ.ਏ. (Economics), ਐਮ.ਏ. (ਪੰਜਾਬੀ), ਐਮ.ਏ. (ਅੰਗਰੇਜ਼ੀ), ਐਮ.ਕਾਮ., (ਪਹਿਲਾ ਸਮੈਸਟਰ) ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਪੰਜਾਬ ਸਰਕਾਰ ਦੇ ਦਾਖਲਾ ਪੋਰਟਲ **admission.punjab.gov.in** ਤੇ ਰਜਿਸਟ੍ਰੇਸ਼ਨ ਕਰਨ ਉਪਰੰਤ ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ ਦੇ ਆਨਲਾਈਨ ਪੋਰਟਲ ਤੇ ਵੀ ਰਜਿਸਟ੍ਰੇਸ਼ਨ ਕਰਵਾਉਣਗੇ। ਰਜਿਸਟ੍ਰੇਸ਼ਨ ਕਰਦੇ ਸਮੇਂ ਵਿਦਿਆਰਥੀ ਆਪਣਾ ਅਤੇ ਆਪਣੇ ਮਾਤਾ ਪਿਤਾ ਦੇ ਨਾਮ, ਜਨਮ ਮਿਤੀ, ਕਲਾਸ, ਕਾਲਜ ਦਾ ਨਾਮ, ਮੋਬਾਇਲ ਨੰਬਰ, ਈ-ਮੇਲ ਆਦਿ ਚੈਕ ਕਰਨ ਤੋਂ ਬਾਅਦ ਹੀ ਫਾਰਮ ਲਾਕ ਕਰਨ। ਇਸ ਗਲਤੀ ਦੀ ਜ਼ੁੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਵਿਦਿਆਰਥੀ ਦੀ ਸਹੂਲਤ ਲਈ ਕਾਲਜ ਕੈਂਪਸ ਵਿੱਚ ਵੀ ਰਜਿਸਟ੍ਰੇਸ਼ਨ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇਗਾ।

***ਰਜਿਸਟ੍ਰੇਸ਼ਨ ਸਮੇਂ ਕਿਸੇ ਪਰੇਸ਼ਾਨੀ ਤੋਂ ਬਚਣ ਲਈ ਵਿਦਿਆਰਥੀ ਆਪਣੇ ਜ਼ਰੂਰੀ ਲੋੜੀਂਦੇ ਦਸਤਾਵੇਜ ਨਾਲ ਲੈ ਕੇ ਆਉਣ।**
**(ਵੇਖੋ ਪੰਨਾ ਨੰਬਰ-11) ਦਾਖਲਾ ਤਾਰੀਕਾਂ ਅਤੇ ਹੋਰ ਜਾਣਕਾਰੀ ਕਾਲਜ ਵੈਬਸਾਈਟ ਤੋਂ ਦੇਖੀ ਜਾ ਸਕਦੀ ਹੈ ।**

**(govtcollegegurdaspur. ac.in)**

## ਕਾਲਜ ਸੰਬੰਧੀ ਜਾਣਕਾਰੀ

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਇਹ ਕਾਲਜ ਪੰਜਾਬ ਦੇ ਵੱਡੇ ਸਰਕਾਰੀ ਕਾਲਜਾਂ ਵਿਚੋਂ ਇਕ ਹੈ। ਪੰਜਾਬ ਦੇ ਪੱਛੜੇ ਹੋਏ ਜ਼ਿਲ੍ਹੇ ਗੁਰਦਾਸਪੁਰ ਦੇ ਵਸਨੀਕਾਂ ਦੀਆਂ ਉਚੇਰੀ ਵਿਦਿਆ ਦੀਆਂ ਲੋੜਾਂ ਦੀ ਪੂਰਤੀ ਹਿੱਤ ਇਹ ਕਾਲਜ ਸਾਲ 1954 ਵਿੱਚ ਹੋਂਦ ਵਿੱਚ ਆਇਆ। ਉਸ ਵਕਤ ਇਹ ਸਰਕਾਰੀ ਸਕੂਲ ਲੜਕੇ ਗੁਰਦਾਸਪੁਰ ਦੀ ਇਮਾਰਤ ਵਿੱਚ ਚਾਲੂ ਕੀਤਾ ਗਿਆ ਸੀ। ਜਨਵਰੀ 1966 ਵਿੱਚ ਇਹ ਕਾਲਜ, ਤ੍ਰਿਮੋ ਰੋਡ ਗੁਰਦਾਸਪੁਰ ਉਤੇ ਵਾਕਿਆ, ਤਕਰੀਬਨ 30 ਏਕੜ ਜਮੀਨ ਉਤੇ ਬਣਾਈ ਆਪਣੀ ਵਿਸ਼ਾਲ ਇਮਾਰਤ ਵਿੱਚ ਤਬਦੀਲ ਕੀਤਾ ਗਿਆ ਸੀ। ਪਹਿਲੇ ਪ੍ਰਿੰਸੀਪਲ ਡਾਕਟਰ ਐਚ.ਆਰ. ਸਰਨਾ ਜੀ ਤੋਂ ਲੈ ਕੇ ਕਈ ਪ੍ਰਮੁੱਖ ਹਸਤੀਆਂ ਦੇ ਹੱਥਾਂ ਵਿਚੋਂ ਦੀ ਗੁਜਰਦਾ ਹੋਇਆ ਇਹ ਕਾਲਜ ਇਸ ਵਕਤ ਕਾਰਜਕਾਰੀ ਪ੍ਰਿੰਸੀਪਲ ਸ਼੍ਰੀ ਪ੍ਰੋ (ਡਾ.) ਅਸ਼ਵਨੀ ਭੱਲਾ ਦੀ ਗਤੀਸ਼ੀਲ ਅਗਵਾਈ ਵਿੱਚ ਆਪਣੀ ਪੂਰਨਗੌਰਵਮਈ ਪਰੰਪਰਾਵਾਂ ਨਾਲ ਤਰੱਕੀ ਦੀ ਰਾਹ ਤੇ ਨਿਰੰਤਰ ਤੋਰ ਚਲ ਰਿਹਾ ਹੈ। ਇਸ ਰੌਸ਼ਨ ਸਫ਼ਰ ਦੇ ਅੱਜ ਦੇ ਪੜ੍ਹਾਅ ਤੱਕ ਇਹ ਕਾਲਜ ਪੰਜਾਬ ਦੇ ਵਿਦਿਅਕ, ਸਮਾਜਿਕ ਸਭਿਆਚਾਰਕ, ਤੇ ਖੇਡ ਖੇਤਰ ਵਿੱਚ ਵੱਡਮੁਲੇ ਯੋਗਦਾਨ ਪਾ ਚੁੱਕਾ ਹੈ। ਇਸ ਕਾਲਜ ਨੂੰ ਮਾਣ ਪ੍ਰਾਪਤ ਹੈ ਕਿ ਸੈਂਕੜੇ ਪ੍ਰਬੰਧਕ ਕਲਾਕਾਰ, ਡਾਕਟਰ, ਇੰਜੀਨੀਅਰ, ਵਿਗਿਆਨੀ, ਯੋਧੇ, ਜਰਨੈਲ ਅਤੇ ਖਿਡਾਰੀ ਇਸ ਦੀ ਮਿੱਟੀ ਦੇ ਵਿਚ ਖੇਡਦੇ ਰਹੇ ਹਨ।

## ਕਾਲਜ ਦੇ ਉਦੇਸ਼ ਅਤੇ ਟੀਚੇ

1. ਕਾਲਜ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਪ੍ਰਤੀ ਸੁਚੇਤ ਕਰਨਾ।
2. ਕਾਲਜ ਵਿਚ ਅਜਿਹੇ ਪਰਿਵੇਸ਼ ਦਾ ਨਿਰਮਾਣ ਕਰਨਾ, ਜਿਸ ਵਿੱਚ ਵਿਦਿਆਰਥੀਆਂ ਦੀ ਸਿਰਜਨਾਤਮਕਤਾ ਵਿਕਸਿਤ ਹੋ ਸਕੇ।
3. ਅਕਾਦਮਿਕ ਖੇਤਰ ਵਿਚ ਯੋਗ ਪ੍ਰਾਪਤੀਆਂ ਕਰਨ ਲਈ ਵਿਦਿਆਰਥੀਆਂ ਨੂੰ ਉਚਿਤ ਸਲਾਹ ਦੇਣੀ।
4. ਸਮੇਂ ਸਮੇਂ ਸਿਰ ਵੱਖ ਵੱਖ ਵਿਸ਼ਿਆਂ ਦੀ ਗੁਣਵੱਤਾ ਵਿੱਚ ਹੋਏ ਵਾਧੇ ਪ੍ਰਤੀ ਵਿਦਿਆਰਥੀਆਂ ਨੂੰ ਸੁਚੇਤ ਕਰਨਾ।
5. ਵਿਦਿਆਰਥੀਆਂ ਦੇ ਵਿਅਕਤਿਤਵ ਨੂੰ ਬਦਲਦੀਆਂ ਕਦਰਾਂ ਕੀਮਤਾਂ ਅਤੇ ਸਮਾਜਿਕ ਲੋੜਾਂ ਮੁਤਾਬਿਕ ਸੁਖਾਵੇ ਪਰਿਵਰਤਨ ਪ੍ਰਤੀ ਜਾਗਰੂਕ ਬਣਾਉਣਾ।
6. ਵਿਦਿਆਰਥੀਆਂ ਨੂੰ ਵਿਸ਼ੇ ਨਾਲ ਸਬੰਧਤ ਖੇਤਰ ਵਿੱਚ ਨਿਪੁੰਨ ਕਰਨਾ।
7. ਵਿਦਿਆਰਥੀਆਂ ਵਿਚ ਲਿੰਗ ਸਮਾਨਤਾ ਦੀ ਭਾਵਨਾ ਪ੍ਰਫੁਲਿਤ ਕਰਨਾ।
8. ਵਿਦਿਆਰਥੀਆਂ ਵਿਚ ਮਿਹਨਤ ਅਤੇ ਲਗਨ ਦੀ ਰੁੱਚੀ ਪੈਦਾ ਕਰਨਾ।

ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਕਾਲਜ ਵਿੱਚ ਗਾਈਡੈਂਸ ਸੈਲ ਕਾਰਜਸ਼ੀਲ ਹੈ। ਹਰ ਵਿਸ਼ੇ ਨਾਲ ਸਬੰਧਤ ਸੁਸਾਇਟੀ ਹੈ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਵਿੱਚ ਸੰਪਰਕ ਰੱਖਣ ਲਈ ਛਾਤਰ ਸਭਾ ਗਤੀਸ਼ੀਲ ਹੈ। ਕਾਲਜ ਆਪਣੇ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ ਨਾਲ ਨਾਤਾ ਜੋੜੀ ਰੱਖਦਾ ਹੈ ਅਤੇ ਇਸ ਮੰਤਵ ਲਈ ਓਲਡ ਸਟੂਡੈਂਟਸ ਐਸੋਸੀਏਸ਼ਨ ਬਣਾਈ ਹੋਈ ਹੈ।

## ਪ੍ਰਿੰਸੀਪਲ :

**ਪ੍ਰੋ (ਡਾ.) ਅਸ਼ਵਨੀ ਕੁਮਾਰ ਭੱਲਾ,**
**ਪੀ.ਈ.ਐਸ.-I**
**ਐਮ.ਕਾਮ.(ਗੋਲਡ ਮੈਡਿਲਿਸਟ), ਪੀ ਐਚ.ਡੀ.**

## ਟੀਚਿੰਗ ਸਟਾਫ਼ :- ਸਹਾਇਕ / ਐਸੋਸੀਏਟ ਪ੍ਰੋਫੈਸਰ

### ਰਸਾਇਣ ਵਿਗਿਆਨ ਵਿਭਾਗ

| ਪਾਰਟ ਟਾਇਮਰ ਅਧਿਆਪਕ | ਗੈਸਟ ਫੈਕਲਟੀ ਅਧਿਆਪਕ | 1158 ਅਧਿਆਪਕ |
|---|---|---|
| 1. ਡਾ. ਸਮਿਤਾ ਸਿੰਘ<br>ਐੱਮ.ਐੱਸ ਸੀ., ਐੱਮ.ਫਿਲ., ਪੀ.ਐਚ ਡੀ.<br>(ਮੋ:) 9464248972<br>2. ਡਾ. ਪੂਨਮ ਸ਼ਰਮਾ<br>ਐੱਮ.ਐੱਸ ਸੀ., ਐੱਮ.ਫਿਲ., ਪੀ.ਐਚ ਡੀ.<br>(ਮੋ:) 9888201948 | — | 1. ਸ਼੍ਰੀਮਤੀ ਸੁਗੰਧੀ ਮਹਾਜਨ<br>ਐੱਮ.ਐੱਸ ਸੀ., ਸੀ.ਐੱਸ.ਆਈ.ਆਰ<br>ਨੈਟ, ਗੇਟ<br>(ਮੋ:) 8054141177 |

### ਭੌਤਿਕ ਵਿਗਿਆਨ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਸ਼੍ਰੀ ਹਰਮਨਪ੍ਰੀਤ ਸਿੰਘ<br>ਐੱਮ.ਐੱਸ ਸੀ.<br>(ਮੋ:) 9877900549 | — |

### ਜੁਆਲੋਜੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਸ਼੍ਰੀਮਤੀ ਅੰਧਲੀਪ<br>ਐੱਮ.ਐੱਸ ਸੀ., ਐੱਮ.ਫਿਲ.<br>(ਮੋ:) 9872691333 | 1. ਡਾ. ਅਮਨਦੀਪ<br>ਐੱਮ.ਐੱਸ ਸੀ., ਪੀ.ਐਚ.ਡੀ.<br>(ਮੋ:) 9592406877<br>2. ਸ਼੍ਰੀ ਅਨੁਰਾਗ<br>ਐੱਮ.ਐੱਸ ਸੀ., ਸੀ.ਐੱਸ.ਆਈ.ਆਰ<br>ਨੈਟ, ਗੇਟ<br>(ਮੋ:) 8558906726 |

### ਬਨਸਪਤੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਸ਼੍ਰੀਮਤੀ ਜੀਵਨ ਜਯੋਤੀ<br>ਐੱਮ.ਐੱਸ ਸੀ., ਐੱਮ.ਫਿਲ.<br>(ਮੋ:) 9888935518 | 1. ਸ਼੍ਰੀਮਤੀ ਮੋਨਾ ਸੋ ਨੀ<br>ਐੱਮ.ਐੱਸ ਸੀ., ਐੱਮ.ਫਿਲ.<br>(ਮੋ:) 9855821826 | 1. ਸ਼੍ਰੀ ਜਤਿੰਦਰ ਸਿੰਘ<br>ਐੱਮ.ਐੱਸ ਸੀ., ਸੀ.ਐੱਸ.ਆਈ.ਆਰ<br>ਨੈਟ/ਜੇ.ਆਰ.ਐੱਫ.<br>(ਮੋ:) 9914433376 |

### ਕਾਮਰਸ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | ਰੈਗੂਲਰ ਅਧਿਆਪਕ | 1158 ਅਧਿਆਪਕ |
|---|---|---|---|
| — | — | 1. ਕਰਨਜੀਤ ਸ਼ਰਮਾਂ (ਐਸੋਸੀਏਟ ਪ੍ਰੋਫੈਸਰ)<br>ਐੱਮ.ਕਾਮ., ਪੀ.ਐਚ.ਡੀ.<br>(ਮੋ:) 9855013578 | 1. ਸ਼੍ਰੀਮਤੀ ਪ੍ਰਿਆ ਰਾਣੀ<br>ਐੱਮ.ਕਾਮ., ਯੂ.ਜੀ.ਸੀ. ਨੈਟ<br>(ਮੋ:) 8872535993 |

### ਅੰਗਰੇਜ਼ੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਸ਼੍ਰੀਮਤੀ ਸੀਮਾ ਮਹਾਜਨ<br>ਐੱਮ.ਏ., ਐੱਮ.ਫਿਲ.<br>(ਮੋ:) 7986160180 | 1. ਸ਼੍ਰੀਮਤੀ ਐਨੀ ਸ਼ਰਮਾ<br>ਐੱਮ.ਏ.<br>(ਮੋ:) 7986907882 | — |

| | | |
|---|---|---|
| 2. ਸ਼੍ਰੀਮਤੀ ਤਰਨਬੀਰ ਕੌਰ<br>ਐੱਮ.ਏ., ਐੱਮ.ਫਿਲ.<br>(ਮੋ:) 9216709119 | — | — |

## ਹਿੰਦੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਡਾ. ਨੀਲਮ ਕੁਮਾਰੀ<br>ਐੱਮ.ਏ., ਪੀ.ਐਚ.ਡੀ., ਯੂ.ਜੀ.ਸੀ. ਨੈਟ.<br>(ਮੋ:) 9417963220 | — |

## ਪੰਜਾਬੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਸ਼੍ਰੀਮਤੀ ਹਰਮੀਤ ਕੌਰ<br>ਐੱਮ.ਏ.<br>(ਮੋ:) 9855258744 | 1. ਸ਼੍ਰੀ ਜੋਗਾ ਸਿੰਘ<br>ਐੱਮ.ਏ.<br>(ਮੋ:) 9417577422<br>2. ਡਾ. ਮਨਜੀਤ ਕੌਰ<br>ਐੱਮ.ਏ., ਐੱਮ.ਫਿਲ., ਪੀ.ਐਚ.ਡੀ.<br>(ਮੋ:) 9781885700<br>3. ਡਾ. ਪਲਵਿੰਦਰ ਕੌਰ<br>ਐੱਮ.ਏ., ਐੱਮ.ਫਿਲ., ਪੀ.ਐਚ.ਡੀ.,<br>ਯੂ.ਜੀ.ਸੀ. ਨੈਟ<br>(ਮੋ:) 8360164743 | 1. ਸ਼੍ਰੀ ਹੰਸਰਾਜ<br>ਐੱਮ.ਏ., ਐੱਮ.ਫਿਲ., ਯੂ.ਜੀ.ਸੀ. ਨੈਟ<br>(ਮੋ:) 7508596655 |

## ਅਰਥ ਸ਼ਾਸਤਰ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | ਰੈਗੂਲਰ ਅਧਿਆਪਕ | 1158 ਅਧਿਆਪਕ |
|---|---|---|---|
| | 1. ਸ਼੍ਰੀਮਤੀ ਸੁਪ੍ਰੀਤ ਕੌਰ<br>ਐੱਮ.ਏ.<br>(ਮੋ:) 9815594361<br>2. ਸ਼੍ਰੀਮਤੀ ਭਾਰਤੀ ਚੌਧਰੀ<br>ਐੱਮ.ਏ., ਯੂ.ਜੀ.ਸੀ. ਨੈਟ<br>(ਮੋ:) 8146953239<br>3. ਸ਼੍ਰੀ ਸਤਵਿੰਦਰ ਸਿੰਘ<br>ਐੱਮ.ਏ., ਯੂ.ਜੀ.ਸੀ. ਨੈਟ<br>(ਮੋ:) 9465385773 | 1. ਡਾ. ਸਰਬਜੀਤ ਸਿੰਘ (ਐਸੋਸੀਏਟ ਪ੍ਰੋਫੈਸਰ)<br>ਐੱਮ.ਐੱਸ ਸੀ., ਪੀਐਚ.ਡੀ., ਯੂ.ਜੀ.ਸੀ.<br>ਨੈਟ (ਮੋ:) 8427105187 | 1. ਸ਼੍ਰੀਮਤੀ ਅੰਕਿਤਾ ਸ਼ਰਮਾ<br>ਐੱਮ.ਐੱਸ ਸੀ.(ਆਨਰਜ਼), ਯੂ.ਜੀ.ਸੀ.<br>ਨੈਟ, ਬੀ.ਐੱਡ.<br>(ਮੋ:) 6284366535 |

## ਇਤਿਹਾਸ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | — | 1. ਸ਼੍ਰੀ ਸੰਦੀਪ<br>ਐੱਮ.ਏ., ਯੂ.ਜੀ.ਸੀ. ਨੈਟ/ਜੇ.ਆਰ.ਐਫ.,<br>ਯੂ.ਕੇ.ਐਸ.ਈ.ਟੀ.<br>(ਮੋ:) 9760460918<br>2. ਡਾ. ਦਿਲਬਾਗ ਸਿੰਘ<br>ਐੱਮ.ਏ., ਐਮ.ਫਿਲ., ਪੀ.ਐਚ.ਡੀ.,<br>ਪੋਸਟ ਡਾਕ, ਯੂ.ਜੀ.ਸੀ.ਨੈਟ<br>(ਮੋ:) 9915924410 |

## ਸਮਾਜ ਸ਼ਾਸਤਰ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਸ਼੍ਰੀਮਤੀ ਭੁਪਿੰਦਰ ਕੌਰ<br>ਐੱਮ.ਏ., ਐੱਮ. ਫਿਲ., ਯੂ.ਜੀ.ਸੀ. ਨੈਟ<br>(ਮੋ:) 9855209877 | — | — |

## ਸੰਗੀਤ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਮਿਸ. ਸੋਨੂੰ (ਸੰਗੀਤ ਵਾਦਨ)<br>ਐੱਮ.ਏ., ਐੱਮ. ਫਿਲ., ਯੂ.ਜੀ.ਸੀ. ਨੈਟ<br>(ਮੋ:) 8283909583 | 1. ਸ਼੍ਰੀਮਤੀ ਰਾਜਵਿੰਦਰ ਕੌਰ (ਸੰਗੀਤ ਗਾਇਨ)<br>ਐੱਮ.ਏ., ਐੱਮ. ਫਿਲ.<br>(ਮੋ:) 6239386600 | — |

## ਭੂਗੋਲ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | — | — |

## ਗਣਿਤ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਦਿਨੇਸ਼ ਕਾਲੀਆਂ<br>ਐੱਮ.ਐੱਸ ਸੀ.<br>(ਮੋ:) 9814966090 | 1. ਅਮਨਦੀਪ ਸਿੰਘ<br>ਐੱਮ.ਐਸ ਸੀ. (ਆਨਰਜ਼),<br>ਸੀ.ਐੱਸ.ਆਈ.ਆਰ ਨੈਟ/ਜੇ.ਆਰ.ਐੱਫ., ਗੇਟ<br>(ਮੋ:) 9988165413 |

## ਫਿਲਾਸਫੀ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਡਾ. ਗੁਰਦੀਪ ਸਿੰਘ<br>ਐੱਮ.ਏ.,ਐੱਮ. ਫਿਲ., ਪੀ.ਐਚ.ਡੀ.<br>(ਮੋ:) 9466737607 | — |

## ਸਰੀਰਕ ਸਿੱਖਿਆ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| 1. ਸ਼੍ਰੀਮਤੀ ਰਾਜ ਕੌਰ<br>ਐੱਮ.ਏ.,ਐੱਮ. ਫਿਲ., ਯੂ.ਜੀ.ਸੀ. ਨੈਟ.<br>(ਮੋ:) 9814268689<br>2. ਸ਼੍ਰੀ ਬਲਜੀਤ ਸਿੰਘ<br>ਐੱਮ.ਪੀ.ਐੱਡ., ਐੱਮ.ਫਿਲ.<br>(ਮੋ:) 8872500482 | — | — |

## ਰਾਜਨੀਤੀ ਸ਼ਾਸਤਰ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਡਾ. ਸੰਦੀਪ ਕੌਰ<br>ਐੱਮ.ਏ.,ਐੱਮ. ਫਿਲ., ਪੀ.ਐਚ.ਡੀ.<br>(ਮੋ:) 9888546009 | 1. ਸ਼੍ਰੀ ਲਵਪ੍ਰੀਤ ਸਿੰਘ<br>ਐੱਮ.ਏ., ਯੂ.ਜੀ.ਸੀ. ਨੈਟ<br>(ਮੋ:) 8872158288 |

## ਕੰਪਿਊਟਰ ਸਾਇੰਸ ਵਿਭਾਗ

| ਪਾਰਟ ਟਾਇਮਰ | ਗੈਸਟ ਫੈਕਲਟੀ | 1158 ਅਧਿਆਪਕ |
|---|---|---|
| — | 1. ਡਾ. ਬਲਜੀਤ ਕੌਰ<br>ਐੱਮ.ਸੀ.ਏ., ਪੀ.ਐਚ. ਡੀ.<br>(ਮੋ:) 8196055499<br>2. ਸ਼੍ਰੀ ਹਰਜੀਤ ਸਿੰਘ<br>ਐੱਮ.ਏ.,ਐੱਮ. ਫਿਲ., ਯੂ.ਜੀ.ਸੀ. ਨੈਟ.<br>(ਮੋ:) 9465695167 | 1. ਸ਼੍ਰੀ ਕਰਨਬੀਰ ਸਿੰਘ<br>ਐਮ.ਟੈਕ.(ਸੀ.ਐੱਸ.ਈ.), ਯੂ.ਜੀ.ਸੀ. ਨੈਟ.<br>(ਮੋ:) 9815186080 |

## HEIS ਸਟਾਫ਼

| ਲੜੀ ਨੰ. | ਪ੍ਰੋਫੈਸਰ ਦਾ ਨਾਮ | ਯੋਗਤਾ | ਮੋਬਾਇਲ ਨੰ. |
|---|---|---|---|
| 1. | ਜਤਿੰਨ ਮਹਾਜਨ | ਐੱਮ.ਕਾਮ, ਬੀ.ਐੱਡ, ਯੂ.ਜੀ.ਸੀ. ਨੈੱਟ | 9877455233 |
| 2. | ਗੁਰਪ੍ਰੀਤ ਕੌਰ | ਐੱਮ.ਕਾਮ, ਬੀ.ਐੱਡ, ਐੱਮ.ਬੀ.ਏ. ਯੂ.ਜੀ.ਸੀ. ਨੈੱਟ | 9478033331 |
| 3. | ਸਰੂਤੀ ਵਿਜ | ਐੱਮ.ਕਾਮ, ਯੂ.ਜੀ.ਸੀ. ਨੈੱਟ | 9914534155 |
| 4. | ਗੀਤਾਜਲੀ | ਐੱਮ.ਕਾਮ, ਯੂ.ਜੀ.ਸੀ. ਨੈੱਟ | 7589127028 |
| 5. | ਅਮਿਤਾ | ਐੱਮ.ਐੱਸ ਸੀ.(ਆਈ.ਟੀ), ਯੂ.ਜੀ.ਸੀ. ਨੈੱਟ | 7837707028 |
| 6. | ਅਮਰ ਹਰਜੋਤ ਕੌਰ | ਐੱਮ.ਏ. ਐੱਮ.ਫਿਲ, | 9464978812 |
| 7. | ਰੇਨੂੰ ਬਾਲਾ | ਐੱਮ.ਸੀ.ਏ | 6280522387 |
| 8. | ਮਨਪ੍ਰੀਤ ਕੌਰ | ਐੱਮ.ਸੀ.ਏ. ਐੱਮ.ਐੱਡ | 8283930720 |
| 9. | ਕਿਰਨ ਜੋਤੀ | ਐੱਮ.ਸੀ.ਏ | 7696178244 |
| 10. | ਰਵਿੰਦਰਜੀਤ ਸਿੰਘ | ਐੱਮ.ਸੀ.ਏ | 8195849499 |
| 11. | ਵੰਦਨਾ | ਐੱਮ.ਏ. (ਅੰਗ੍ਰੇਜ਼ੀ) | 8194982297 |
| 12. | ਸੋਨੀਕਾ ਅਨਮੋਲ | ਐੱਮ.ਐੱਸ ਸੀ.(ਇੰਨਵਾਰਮੈਂਟ ਸਾਇੰਸ) ਐੱਮ.ਐੱਡ | 9814936882 |
| 13. | ਬਬੀਤਾ ਰਾਣੀ | ਐੱਮ.ਏ., ਬੀ.ਐੱਡ, ਯੂ.ਜੀ.ਸੀ. ਨੈੱਟ | 8968818380 |
| 14. | ਮਮਤਾ ਸੈਣੀ | ਐੱਮ.ਐੱਸ.ਸੀ (ਫਿਜੀਕਸ) ਬੀ.ਐੱਡ | 9779192678 |
| 15. | ਸਲੋਨੀ ਸੈਣੀ | ਐੱਮ.ਐੱਸ ਸੀ (ਗਣਿਤ) | 8427573421 |

## ਨਾਨ ਟੀਚਿੰਗ ਸਟਾਫ਼

### ਲਾਇਬ੍ਰੇਰੀ ਸਟਾਫ਼

| | | |
|---|---|---|
| 1. | ਮੋਹਨ ਵਰਮਾ | ਲਾਇਬ੍ਰੇਰੀਅਨ |
| 2. | ਖਾਲੀ | ਲਾਇਬ੍ਰੇਰੀਅਨ |
| 3. | ਸ਼੍ਰੀ. ਹਰਪਾਲ ਸਿੰਘ | ਲਾਇਬ੍ਰੇਰੀ ਰੀਸਟੋਰਰ |

### ਦਫ਼ਤਰੀ ਸਟਾਫ਼

| | | |
|---|---|---|
| 1. | ਅਮਿਤ ਢੀਂਗਰਾ | ਕਲਰਕ |
| 2. | ਵਿਜੈ ਸਿੰਘ | ਕਲਰਕ |
| 3. | ਖਾਲੀ | .................. |
| 4. | ਖਾਲੀ | .................. |
| 5. | ਖਾਲੀ | .................. |

### ਲੈਬ ਸਟਾਫ਼

| | | |
|---|---|---|
| 1. | ਸ਼੍ਰੀ ਰਾਕੇਸ਼ ਕੁਮਾਰ | ਤਬਲਾ ਇੰਸਟਰਕਟਰ |
| 2. | ਸ਼੍ਰੀ ਸੰਜੀਵ ਸੈਣੀ | ਸੀਨੀਅਰ ਲੈਬੋਰਟਰੀ ਅਟੈਂਡੈਂਟ |
| 3. | ਸ਼੍ਰੀਮਤੀ ਅੰਜੁਬਾਲਾ | ਲੈਬੋਰਟਰੀ ਅਟੈਂਡੈਂਟ |
| 4. | ਖਾਲੀ | ਲੈਬੋਰਟਰੀ ਅਟੈਂਡੈਂਟ |
| 5. | ਖਾਲੀ | ਲੈਬੋਰਟਰੀ ਅਟੈਂਡੈਂਟ |
| 6. | ਖਾਲੀ | ਲੈਬੋਰਟਰੀ ਅਟੈਂਡੈਂਟ |
| 7. | ਖਾਲੀ | ਲੈਬੋਰਟਰੀ ਅਟੈਂਡੈਂਟ |
| 8. | ਖਾਲੀ | ਲੈਬੋਰਟਰੀ ਅਟੈਂਡੈਂਟ |
| 9. | ਖਾਲੀ | ਲੈਬੋਰਟਰੀ ਅਟੈਂਡੈਂਟ |
| 10. | ਖਾਲੀ | ਲੈਬੋਰਟਰੀ ਅਟੈਂਡੈਂਟ |

# ਰਾਸ਼ਟਰੀ ਸਿੱਖਿਆ ਨੀਤੀ-2020

ਰਾਸ਼ਟਰੀ ਸਿੱਖਿਆ ਨੀਤੀ 2020, 21ਵੀਂ ਸਦੀ ਦੀ ਪਹਿਲੀ ਨੀਤੀ ਹੈ ਅਤੇ ਇਸਦਾ ਉਦੇਸ਼ ਸਾਡੇ ਦੇਸ਼ ਦੀਆਂ ਵੱਧ ਰਹੀਆਂ ਵਿਕਾਸ ਦੀਆਂ ਲੋੜਾਂ ਨੂੰ ਸੰਬੋਧਿਤ ਕਰਨਾ ਹੈ। ਇਹ ਨੀਤੀ 21ਵੀਂ ਸਦੀ ਦੇ ਅਭਿਲਾਸ਼ੀ ਟੀਚਿਆਂ ਨਾਲ ਮਿਲਦੀ-ਜੁਲਦੀ ਹੈ ਇਹ ਨਵੀਂ ਪ੍ਰਣਾਲੀ ਬਣਾਉਣ ਲਈ ਸਿੱਖਿਆ ਢਾਂਚੇ ਦੇ ਸਾਰੇ ਪਹਿਲੂਆਂ ਦੀ ਸੋਧ ਅਤੇ ਸੁਧਾਰ, ਨਿਯਮਾਂ ਸਮੇਤ ਭਾਰਤ ਦੀਆਂ ਪਰੰਪਰਾਵਾਂ ਅਤੇ ਮੁੱਲ ਪ੍ਰਣਾਲੀਆਂ ਨੈਤਿਕ ਕਦਰਾਂ ਕੀਮਤਾਂ ਦਾ ਨਿਰਮਾਣ ਵੱਲ ਕੇਂਦਰਿਤ ਹੈ। ਰਾਸ਼ਟਰੀ ਸਿੱਖਿਆ ਨੀਤੀ ਹਰ ਪ੍ਰਕਾਰ ਦੀ ਰਚਨਾਤਮਕ ਸਮੱਰਥਾ ਦੇ ਵਿਕਾਸ ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ। ਇਹ ਇਸ ਸਿਧਾਂਤ ਤੇ ਅਧਾਰਿਤ ਹੈ ਕਿ ਸਿੱਖਿਆ ਨੂੰ ਨਾ ਸਿਰਫ ਬੋਧਾਤਮਕ ਸਮੱਰਥਾਵਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਬਲਕਿ ਸਾਖਰਤਾ ਅਤੇ ਅੰਕ-ਗਿਆਨ ਦੀ ਬੁਨਿਆਦੀ ਸਮੱਰਥਾ ਅਤੇ ਉਚ ਕ੍ਰਮ ਬੋਧਾਤਮਕ ਸਮਰਥਾਵਾਂ ਜਿਵੇਂ ਆਲੋਚਨਾਤਮਕ ਸੋਚ ਅਤੇ ਸਮੱਸਿਆ ਹੱਲ ਕਰਨਾ ਪਰੰਤੂ ਨਾਲ ਹੀ ਸਮਾਜਿਕ, ਨੈਤਿਕ ਅਤੇ ਭਾਵਨਾਤਮਕ ਸਮੱਰਥਾਵਾਂ ਦਾ ਵਿਕਾਸ ਕਰਨਾ ਹੈ।

ਰਾਸ਼ਟਰੀ ਸਿੱਖਿਆ ਨੀਤੀ ਰਾਹੀਂ ਇਕ ਵਿਸ਼ਾਲ ਖੇਤਰ ਅਧਾਰਿਤ ਬਹੁ-ਅਨੁਸ਼ਾਸ਼ਨੀ ਸੰਪੂਰਨ ਸਿੱਖਿਆ ਪ੍ਰਣਾਲੀ ਦੀ ਕਲਪਨਾ ਕੀਤੀ ਗਈ ਹੈ। ਜਿਸ ਵਿੱਚ ਅੰਡਰਗ੍ਰੈਜੂਏਟ ਪੱਧਰ ਤੇ ਵਿਗਿਆਨ, ਕਲਾਵਾਂ, ਹਿਊਮੈਨਟੀਜ਼, ਗਣਿਤ ਕਿੱਤਾ ਮੁੱਖੀ ਖੇਤਰਾਂ ਵਿੱਚ ਕਲਪਨਾਤਮਕ ਅਤੇ ਪਾਠਕ੍ਰਮ ਢਾਂਚੇ ਦੇ ਅਧਿਐਨ ਦੇ ਰਚਨਾਤਮਕ ਸੰਜੋਗ ਅਤੇ ਏਕੀਕ੍ਰਿਤ ਕੋਰਸਾਂ ਵਿੱਚ ਸ਼ਾਮਲ ਹੋਣ ਸਬੰਧੀ ਰੁਚੀ ਅਨੁਸਾਰ ਵਿਸ਼ਿਆ ਨੂੰ ਚੁਣਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਇਕ ਸੰਪੂਰਨ ਅਤੇ ਬਹੁ-ਅਨੁਸ਼ਾਸ਼ਨੀ ਸਿੱਖਿਆ ਚੰਗਾ ਮਨੁੱਖ ਸਿਰਜਣ ਵਿੱਚ ਮਦਦ ਕਰੇਗੀ ਜੋ ਕਲਾਵਾਂ, ਹਿਊਮਨਟੀਜ਼, ਭਾਸ਼ਾਵਾਂ, ਵਿਗਿਆਨ, ਸਮਾਜਿਕ ਵਿਗਿਆਨ, ਪੇਸ਼ੇਵਰ, ਤਕਨੀਕੀ ਅਤੇ ਵੋਕੇਸ਼ਨਲ ਖੇਤਰ, ਸਮਾਜਿਕ ਸ਼ਮੂਲੀਅਤ ਦੀ ਇੱਕ ਨੈਤਿਕਤਾ, ਕੋਮਲ ਹੁਨਰ ਜਿਵੇਂ ਸੰਚਾਰ, ਚਰਚਾ ਅਤੇ ਬਹਿਸ, ਇਕ ਚੁਣੇ ਹੋਏ ਖੇਤਰ ਜਾਂ ਖੇਤਰਾਂ ਵਿੱਚ ਸਖਤ ਮੁਹਾਰਤ। ਅਜਿਹੀ ਸੰਪੂਰਨ ਸਿੱਖਿਆ ਲੰਬੇ ਸਮੇਂ ਤੱਕ ਸਾਰਿਆਂ ਦੀ ਪਹੁੰਚ 'ਚ ਹੋਵੇਗੀ।

ਅੰਡਰਗ੍ਰੇਜੂਏਟ ਪ੍ਰੋਗਰਾਮਾਂ ਜਿਨ੍ਹਾਂ ਵਿੱਚ ਪੇਸ਼ੇਵਰ, ਤਕਨੀਕੀ ਅਤੇ ਵੋਕੇਸ਼ਨਲ ਕੋਰਸਾਂ ਅਨੁਸਾਰ ਅੰਡਰਗ੍ਰੈਜੂਏਟ ਡਿਗਰੀ 3 ਜਾਂ 4 ਸਾਲ ਦੀ ਮਿਆਦ ਦੀ ਹੋਵੇਗੀ। ਨਾਲ ਹੀ ਇਸ ਮਿਆਦ ਅੰਦਰ ਕਈ ਨਾਲ ਸ਼ਾਮਿਲ ਹੋਣ ਦੇ ਵਿਕਲਪ, ਉਚਿਤ ਪ੍ਰਮਾਣੀਕਰਨ ਦੇ ਨਾਲ ਨਾਲ ਵੋਕੇਸ਼ਨਲ ਸਮੇਤ ਕਿਸੇ ਖੇਤਰ ਵਿੱਚ 1 ਸਾਲ ਪੂਰਾ ਕਰਨ ਤੋਂ ਬਾਅਦ ਸਰਟੀਫਿਕੇਟ ਅਤੇ ਪੇਸ਼ੇਵਰ ਖੇਤਰ ਜਾਂ 2 ਸਾਲਾ ਦੇ ਅਧਿਐਨ ਤੋਂ ਬਾਅਦ ਡਿਪਲੋਮਾਂ ਜਾਂ ਬੈਚੁਲਰ ਗ੍ਰੇਜੁਏਸ਼ਨ ਪ੍ਰੋਗਰਾਮ ਤਰਜੀਹੀ ਵਿਕਲਪ ਹੋਵੇਗਾ ਜਿਸ ਵਿੱਚ ਵਿਦਿਆਰਥੀਆਂ ਦੀ ਚੋਣ ਅਨੁਸਾਰ ਚੁਣੇ ਗਏ ਪ੍ਰਮੁੱਖ ਵਿਸ਼ੇ ਅਤੇ ਲਘੂ ਵਿਸ਼ੇ ਤੇ ਧਿਆਨ ਕੇਂਦਰਿਤ ਕਰਨ ਲਈ ਅਕਾਦਮਿਕ ਬੈਂਕ ਆਫ ਕ੍ਰੈਡਿਟ ਏ.ਬੀ.ਸੀ ਦੀ ਸਥਾਪਨਾ ਕੀਤੀ ਜਾਵੇਗੀ ਜੋ ਕਿ ਡਿਜੀਟਲ ਤੋਰ ਤੇ ਹੋਵੇਗੀ।

# ਅਧਿਐਨ ਦੇ ਕੋਰਸ

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ**

**(ੳ) ਪੋਸਟ ਗ੍ਰੈਜੂਏਟ ਕੋਰਸ (Post Graduate Course)**

1. ਐਮ.ਏ. ਅਰਥ ਸ਼ਾਸ਼ਤਰ ਸਮੈਸਟਰ ਪ੍ਰਣਾਲੀ

**(ਅ) ਅੰਡਰ ਗ੍ਰੈਜੂਏਟ ਕੋਰਸ (Under Graduate Course)**

1. ਬੀ.ਏ. ਸਮੈਸਟਰ ਪ੍ਰਣਾਲੀ
2. ਬੀ.ਕਾਮ. ਸਮੈਸਟਰ ਪ੍ਰਣਾਲੀ
3. ਬੀ.ਐਸ ਸੀ. ਮੈਡੀਕਲ ਅਤੇ ਨਾਨ ਮੈਡੀਕਲ (ਸਮੈਸਟਰ ਪ੍ਰਣਾਲੀ)

**(ੲ) ਸਵੈ-ਵਿੱਤੀ ਕਿੱਤਾ ਮੁੱਖੀ ਕੋਰਸ (Self Financing Course)**

1. ਪੀ.ਜੀ.ਡੀ.ਸੀ.ਏ. ਸਮੈਸਟਰ ਪ੍ਰਣਾਲੀ
2. ਬੀ.ਐਸ ਸੀ. (ਕੰਪਿਊਟਰ ਸਾਇੰਸ) ਸਮੈਸਟਰ ਪ੍ਰਣਾਲੀ
3. ਬੀ.ਐਸ ਸੀ. (ਅਰਥ ਸ਼ਾਸ਼ਤਰ) ਸਮੈਸਟਰ ਪ੍ਰਣਾਲੀ
4. ਬੀ.ਸੀ.ਏ. ਸਮੈਸਟਰ ਪ੍ਰਣਾਲੀ
5. ਬੀ.ਬੀ.ਏ. (Banking, Financial Services & Insurance) ਸਮੈਸਟਰ ਪ੍ਰਣਾਲੀ
6. ਬੀ.ਕਾਮ (Tax Planning & Management) ਸਮੈਸਟਰ ਪ੍ਰਣਾਲੀ
7. ਐਮ.ਏ. (ਅੰਗਰੇਜ਼ੀ) ਸਮੈਸਟਰ ਪ੍ਰਣਾਲੀ
8. ਐਮ.ਏ. (ਪੰਜਾਬੀ) ਸਮੈਸਟਰ ਪ੍ਰਣਾਲੀ
9. ਐਮ.ਕਾਮ ਸਮੈਸਟਰ ਪ੍ਰਣਾਲੀ
10. ਐਮ.ਐਸ ਸੀ. (ਗਣਿਤ) ਸਮੈਸਟਰ ਪ੍ਰਣਾਲੀ
11. ਬੀ.ਏ. (Fine Arts) ਸਮੈਸਟਰ ਪ੍ਰਣਾਲੀ
12. ਮਾਸ ਕਮਿਊਨੀਕੇਸ਼ਨ (Mass Communication) ਸਮੈਸਟਰ ਪ੍ਰਣਾਲੀ



## ਬੀ.ਏ.

**(ੳ) ਲਾਜ਼ਮੀ ਵਿਸ਼ੇ:**

1. ਅੰਗਰੇਜ਼ੀ ਲਾਜ਼ਮੀ
2. ਲਾਜ਼ਮੀ ਪੰਜਾਬੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
3. ਡਰੱਗ ਅਬਿਊਜ ਪਹਿਲਾ ਸਮੈਸਟਰ

**(ਅ) ਚੋਣਵੇ ਵਿਸ਼ੇ:**

ਬੀ.ਏ ਵਿੱਚ ਵਿਦਿਆਰਥੀਆਂ ਨੂੰ ਤਿੰਨ ਹੋਰ ਵਿਸ਼ੇ ਪੜ੍ਹਨੇ ਪੈਣਗੇ। ਹੇਠ ਲਿਖੇ ਗਰੁੱਪਾਂ ਵਿਚੋਂ ਚੁਣਨ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਕ ਗਰੁੱਪ ਵਿਚੋਂ ਇਕ ਹੀ ਵਿਸ਼ਾ ਲਿਆ ਜਾਵੇ।

**ਗਰੁੱਪ–ਏ :** ਅੰਗਰੇਜ਼ੀ/ਪੰਜਾਬੀ/ਹਿੰਦੀ/ਸੰਸਕ੍ਰਿਤ
**ਗਰੁੱਪ–ਬੀ :** ਇਕਨਾਮਿਕਸ / ਸੋਸ਼ਿਆਲੋਜੀ
**ਗਰੁੱਪ–ਸੀ :** ਰਾਜਨੀਤੀ ਸ਼ਾਸ਼ਤਰ
**ਗਰੁੱਪ–ਡੀ :** ਹਿਸਟਰੀ / ਗਣਿਤ
**ਗਰੁੱਪ ਈ :** ਫਿਲਾਸਫੀ/ਜਿਓਗ੍ਰਾਫੀ/ਮਿਊਜਿਕ ਵੋਕਲ/ ਮਿਊਜਿਕ ਇੰਸਟਰੂਮੈਂਟਲ
**ਗਰੁੱਪ ਐਫ :** ਕੰਪਿਊਟਰ ਸਾਇੰਸ/ ਸਰੀਰਿਕ ਸਿੱਖਿਆ
**ਗਰੁੱਪ ਜੀ :** ਫਾਇਨ ਆਰਟਸ
**ਗਰੁੱਪ ਐਚ :** ਮਾਸ ਕਮਿਊਨੀਕੇਸ਼ਨ

**ਨੋਟ:** ਬੀ.ਏ/ਬੀ.ਐਸ ਸੀ./ਬੀ.ਕਾਮ/ਬੀ.ਸੀ.ਏ– ਤੀਜਾ ਸਮੈਸਟਰ ਦੇ ਸਾਰੇ ਵਿਦਿਆਰਥੀਆਂ ਲਈ ਇਨਵਾਇਰਮੈਂਟ ਸਟੱਡੀ **(EVS)** ਦਾ ਵਿਸ਼ਾ ਲਾਜ਼ਮੀ ਹੈ।

2. ਬੀ.ਏ ਵਿੱਚ ਕੰਪਿਊਟਰ ਸਾਇੰਸ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀ ਨੂੰ 120/– ਰੁਪਏ ਪ੍ਰਤੀ ਮਹੀਨਾ ਵੱਖਰੀ ਫੀਸ ਦੇਣੀ ਪਵੇਗੀ।
3. ਕੋਈ ਵੀ ਵਿਦਿਆਰਥੀ ਦੋ ਪ੍ਰੈਕਟੀਕਲ ਵਿਸ਼ਿਆ ਤੋਂ ਵੱਧ ਨਹੀਂ ਲੈ ਸਕਦਾ।
4. ਕੋਈ ਵੀ ਵਿਸ਼ਾ ਦਾਖਲੇ ਤੋਂ 15 ਦਿਨਾਂ ਦੇ ਅੰਦਰ ਅੰਦਰ ਬਦਲਿਆ ਜਾ ਸਕਦਾ ਹੈ।
5. ਮਿਊਜਿਕ ਵੋਕਲ ਅਤੇ ਮਿਊਜਿਕ ਇੰਸਟਰੂਮੈਂਟਲ ਦੋਵੇਂ ਵਿਸ਼ੇ ਵਿਦਿਆਰਥੀ ਇੱਕਠੇ ਲੈ ਸਕਦੇ ਹਨ।
6. ਦਿਤੇ ਗਏ ਵਿਸ਼ੇ ਸੰਯੋਜਨ ਵਿੱਚ ਪੰਜਾਬ ਸਰਕਾਰ/ਯੂਨੀਵਰਸਿਟੀ ਦੇ ਨਵੇਂ ਹੁਕਮਾਂ ਅਨੁਸਾਰ ਤਬਦੀਲੀ ਹੋ ਸਕਦੀ ਹੈ
7. ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰੀਰਿਕ ਸਿੱਖਿਆ ਨਿਪੁੰਨਤਾ ਟੈਸਟ ਇੰਟਰਵਿਊ ਤੋਂ ਪਹਿਲਾ ਦੇਣਾ ਪਵੇਗਾ।
8. ਬੀ.ਏ ਪਹਿਲਾ ਸਮੈਸਟਰ ਵਿੱਚ ਪੜ੍ਹੇ ਗਏ ਵਿਸ਼ੇ ਹੀ ਵਿਦਿਆਰਥੀ ਨੂੰ ਬਾਅਦ ਵਾਲੇ ਬਾਕੀ ਸਮੈਸਟਰਾਂ ਵਿੱਚ ਪੜ੍ਹਨੇ ਪੈਣਗੇ ਅਰਥਾਤ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ।
9. ਸੈਸ਼ਨ 2017–18 ਤੋਂ **Drug Abuse** ਦਾ ਵਿਸ਼ਾ **GNDU** ਵਲੋਂ ਲਾਗੂ ਕੀਤਾ ਗਿਆ ਹੈ।

## ਬੀ.ਕਾਮ

### ਪਹਿਲਾ ਸਮੈਸਟਰ

1. Appreciating English Literature-I
2. ਲਾਜ਼ਮੀ ਪੰਜਾਬੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
3. ਫਾਈਨੈਸ਼ੀਅਲ ਅਕਾਊਂਟਿੰਗ
4. ਬਿਜ਼ਨੈਸ ਆਰਗੇਨਾਇਜੇਸ਼ਨ
5. ਬਿਜਨੈਸ ਸਟੈਟਿਸਟਿਕਸ
6. ਕੰਪਿਊਟਰ ਐਪਲੀਕੇਸ਼ਨ ਇਨ ਬਿਜ਼ਨੈਸ

**ਦੂਸਰੇ ਸਮੈਸਟਰ ਤੋਂ ਛੇਵੇਂ ਸਮੈਸਟਰ ਤੱਕ ਯੂਨੀਵਰਸਿਟੀ ਸਿਲੇਬਸ ਅਨੁਸਾਰ**

## ਬੀ.ਐਸ ਸੀ. (ਮੈਡੀਕਲ)

### ਸਮੈਸਟਰ ਪਹਿਲਾ ਤੋਂ ਛੇਵੇਂ ਤੱਕ

1. ਬੋਟਨੀ
2. ਜੁਆਲੋਜੀ
3. ਕੈਮਿਸਟਰੀ
4. ਅੰਗਰੇਜ਼ੀ ਲਾਜਮੀ ਵਿਸ਼ਾ
5. ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
6. ਡਰੱਗ ਅਬਿਊਜ ਲਾਜ਼ਮੀ ਵਿਸ਼ਾ

## ਬੀ.ਐਸ ਸੀ. (ਨਾਨ-ਮੈਡੀਕਲ)

### ਸਮੈਸਟਰ ਪਹਿਲਾ ਤੋਂ ਛੇਵੇਂ ਤੱਕ

1. ਮੈਥੇਮੈਟਿਕਸ 2. ਫਿਜਿਕਸ 3. ਕੈਮਿਸਟਰੀ 4. ਅੰਗਰੇਜ਼ੀ ਲਾਜ਼ਮੀ
5. ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ 6.ਡਰੱਗ ਅਬਿਊਜ (ਲਾਜ਼ਮੀ ਵਿਸ਼ਾ)

## ਬੀ.ਐਸ ਸੀ. (ਕੰਪਿਊਟਰ ਸਾਇੰਸ)

### ਸਮੈਸਟਰ ਪਹਿਲਾ ਤੋਂ ਛੇਵੇਂ ਤੱਕ

**ਯੋਗਤਾ:** +2 ਨਾਨ-ਮੈਡੀਕਲ 45% ਅੰਕਾਂ ਨਾਲ ਪਾਸ । ਵਿਦਿਆਰਥੀ ਲਈ +2 ਵਿੱਚ ਮੈਥ ਪੜ੍ਹਿਆ ਹੋਣਾ ਲਾਜ਼ਮੀ ਹੈ।

1. ਫਿਜੀਕਸ 2. ਮੈਥੇਮੈਟਿਕਸ 3. ਕੰਪਿਊਟਰ ਸਾਇੰਸ
4. ਅੰਗਰੇਜ਼ੀ ਲਾਜ਼ਮੀ 5. ਪੰਜਾਬੀ ਲਾਜ਼ਮੀ /ਮੁੱਢਲੀ ਪੀ.ਐਚ.ਸੀ 6. ਡਰੱਗ ਅਬਿਊਜ (ਲਾਜ਼ਮੀ ਵਿਸ਼ਾ)

## ਬੀ.ਐਸ ਸੀ. (ਇਕਨਾਮਿਕਸ)

### ਸਮੈਸਟਰ ਪਹਿਲਾ ਤੋਂ ਛੇਵੇਂ ਤੱਕ

**ਯੋਗਤਾ:** +2, 45% ਅੰਕਾਂ ਨਾਲ ਪਾਸ ਹੋਵੇ।

1. ਅਰਥ ਸ਼ਾਸਤਰ 2. ਮੈਥੇਮੈਟਿਕਸ 3. ਕੰਪਿਊਟਰ ਸਾਇੰਸ
4. ਅੰਗਰੇਜ਼ੀ ਲਾਜ਼ਮੀ 5. ਪੰਜਾਬੀ ਲਾਜ਼ਮੀ /ਮੁੱਢਲੀ ਪੀ.ਐਚ.ਸੀ

## ਬੀ.ਸੀ.ਏ.

### ਸਮੈਸਟਰ ਪਹਿਲਾ ਤੋਂ ਛੇਵੇਂ ਤੱਕ

**ਯੋਗਤਾ:** +2, 45% ਅੰਕਾਂ ਨਾਲ ਪਾਸ ਹੋਵੇ।

**ਵਿਸ਼ੇ :** ਯੂਨੀਵਰਸਿਟੀ ਸਿਲੇਬਸ ਅਨੁਸਾਰ

## ਪੀ.ਜੀ.ਡੀ.ਸੀ.ਏ.

**ਯੋਗਤਾ:** ਬੀ.ਏ./ਬੀ.ਕਾਮ./ਬੀ. ਐਸ ਸੀ. 45% ਨਾਲ ਪਾਸ ਹੋਵੇ।

**ਵਿਸ਼ੇ :** ਯੂਨੀਵਰਸਿਟੀ ਸਿਲੇਬਸ ਅਨੁਸਾਰ

## ਐਮ.ਏ. (ਅਰਥ ਸ਼ਾਸਤਰ)

### ਐਮ.ਏ ਪਹਿਲਾ ਸਮੈਸਟਰ ਵਿੱਚ ਦਾਖਲਾ ਹੇਠ ਲਿਖੇ ਵਿਦਿਆਰਥੀਆਂ ਨੂੰ ਮਿਲ ਸਕਦਾ ਹੈ:-

1. ਸੰਬੰਧਤ ਵਿਦਿਆਰਥੀਆਂ ਨੇ ਬੀ.ਏ/ਬੀ.ਕਾਮ ਅਰਥ ਸ਼ਾਸ਼ਤਰ ਨਾਲ ਪਾਸ ਕੀਤੀ ਹੋਵੇ ਅਤੇ ਅਰਥ ਸ਼ਾਸ਼ਤਰ ਵਿਸ਼ੇ ਵਿੱਚ ਘੱਟੋ-ਘੱਟ 45% ਅੰਕ ਪ੍ਰਾਪਤ ਕੀਤੇ ਹੋਣ।

ਜਾਂ

2. ਬੀ.ਏ/ਬੀ.ਐਸ.ਸੀ/ਬੀ.ਕਾਮ ਦੂਜੇ ਦਰਜੇ ਵਿੱਚ (50%) ਅੰਕਾਂ ਨਾਲ ਪਾਸ ਕੀਤੀ ਹੋਵੇ।

**ਨੋਟ :** ਐਮ.ਏ. ਪਹਿਲੇ ਅਤੇ ਤੀਜੇ ਸਮੈਸਟਰ ਵਿੱਚ ਵਿਦਿਆਰਥੀਆਂ ਨੂੰ ਪੇਪਰ ਦੀਆਂ ਉਹ ਹੀ ਆਪਸ਼ਨਜ਼ ਪੜ੍ਹਨੀਆਂ ਪੈਣਗੀਆਂ ਜਿਹੜੀਆਂ ਇਸ ਕਾਲਜ ਵਿੱਚ ਪੜ੍ਹਾਈਆ ਜਾਂਦੀਆ ਹਨ।

**BBA / BCA- AICTE/GNDU ਤੋਂ ਮਾਨਤਾ ਪ੍ਰਾਪਤ ਹਨ।**

## ਸੈੱਲਫ ਫਾਇਨਾਂਸਡ (Self Financed) ਕੋਰਸਾਂ ਦੀ ਫੀਸ ਦਾ ਵੇਰਵਾ (ਪਹਿਲਾ ਸਾਲ) ਸੈਸ਼ਨ 2026-27

| ਲੜੀ ਨੰ. | ਕੋਰਸ ਦਾ ਨਾਮ | HEIS ਫੀਸ | ਯੂਨੀਵਰਸਿਟੀ ਫੀਸ ਅਤੇ ਕਾਲਜ ਫੰਡ | ਕੁੱਲ ਫੀਸ |
|---|---|---|---|---|
| 1. | ਪੀ.ਜੀ.ਡੀ.ਸੀ.ਏ. | 11247 | 10753 | 22000 |
| 2. | ਬੀ.ਐਸ ਸੀ. (ਕੰਪਿਊਟਰ ਸਾਇੰਸ) | 11247 | 10753 | 22000 |
| 3. | ਬੀ.ਐਸ ਸੀ. (ਇਕਨਾਮਿਕਸ) | 8000 | 10669 | 18669 |
| 4. | ਬੀ.ਸੀ.ਏ. | 11247 | 10753 | 22000 |
| 5. | Mass Communication (New Subject) | 5000 (Subject Fee) | | |
| 6. | Fine Arts (New Subject) | 5000 (Subject Fee) | | |
| 7. | ਬੀ.ਬੀ.ਏ. (Banking, Financial Services & Insurance) | 11451 | 10549 | 22000 |
| 8. | ਬੀ.ਕਾਮ. (Tax Planning & Management) | 11451 | 10549 | 22000 |
| 9. | ਐੱਮ.ਕਾਮ | 14751 | 10249 | 25000 |
| 10. | ਐੱਮ.ਏ. (ਪੰਜਾਬੀ) | 12751 | 9249 | 22000 |
| 110 | ਐੱਮ.ਏ. (ਅੰਗਰੇਜ਼ੀ) (New Course)* | 18751 | 9249 | 28000 |
| 12. | ਐੱਮ.ਐੱਸ ਸੀ. (ਗਣਿਤ) (New Course) | 17751 | 10249 | 28000 |

## ਸੈੱਲਫ ਫਾਇਨਾਂਸਡ (Self Financed) ਕੋਰਸਾਂ ਦੀ ਫੀਸ ਦਾ ਵੇਰਵਾ (ਦੂਸਰਾ ਸਾਲ) ਸੈਸ਼ਨ 2026-27

| ਲੜੀ ਨੰ. | ਕੋਰਸ ਦਾ ਨਾਮ | HEIS ਫੀਸ | ਯੂਨੀਵਰਸਿਟੀ ਫੀਸ ਅਤੇ ਕਾਲਜ ਫੰਡ | ਕੁੱਲ ਫੀਸ |
|---|---|---|---|---|
| 1. | ਬੀ.ਐਸ ਸੀ. (ਕੰਪਿਊਟਰ ਸਾਇੰਸ) | 10000 | 10753 | 20753 |
| 2. | ਬੀ.ਐਸ ਸੀ. (ਇਕਨਾਮਿਕਸ) | 8000 | 10669 | 18669 |
| 3. | ਬੀ.ਸੀ.ਏ. | 10000 | 10753 | 20753 |
| 4. | ਬੀ.ਬੀ.ਏ. (Hons.) Banking, Financial Services & Insurance | 11451 | 10549 | 22000 |
| 5. | ਬੀ.ਕਾਮ. (Hons.) Tax Planning and Management | 11451 | 10549 | 22000 |
| 6. | ਐੱਮ.ਕਾਮ. | 14751 | 10249 | 25000 |
| 7. | ਐੱਮ.ਏ. (ਪੰਜਾਬੀ) | 10751 | 9249 | 20000 |

## ਸੈੱਲਫ ਫਾਇਨਾਂਸਡ (Self Financed) ਕੋਰਸਾਂ ਦੀ ਫੀਸ ਦਾ ਵੇਰਵਾ (ਤੀਸਰਾ ਸਾਲ) ਸੈਸ਼ਨ 2026-27

| ਲੜੀ ਨੰ. | ਕੋਰਸ ਦਾ ਨਾਮ | HEIS ਫੀਸ | ਯੂਨੀਵਰਸਿਟੀ ਫੀਸ ਅਤੇ ਕਾਲਜ ਫੰਡ | ਕੁੱਲ ਫੀਸ |
|---|---|---|---|---|
| 1. | ਬੀ.ਐਸ ਸੀ. (ਕੰਪਿਊਟਰ ਸਾਇੰਸ) | 10000 | 10753 | 20753 |
| 2. | ਬੀ.ਐਸ ਸੀ. (ਇਕਨਾਮਿਕਸ) | 8000 | 10669 | 18669 |
| 3. | ਬੀ.ਸੀ.ਏ. | 10000 | 10753 | 20753 |

**ਉਪਰੋਕਤ ਦਿਤੇ Courses ਵਿੱਚ ਸਾਲ ਦੂਜਾ ਅਤੇ ਤੀਜੇ ਦੇ ਵਿਦਿਆਰਥੀਆਂ ਕੋਲੋਂ PTA ਫੀਸ ਤੋਂ ਇਲਾਵਾ ਫੀਸ ਵਿੱਚ ਕਿਸੇ ਵੀ ਤਰ੍ਹਾਂ ਦਾ ਵਾਧਾ ਨਹੀ ਕੀਤਾ ਗਿਆ।**

**ਨੋਟ : ਉਪਰੋਕਤ ਫੀਸਾਂ ਵਿੱਚ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਵਾਧਾ ਕੀਤਾ ਜਾ ਸਕਦਾ ਹੈ।**

## ਮੁੱਢਲੀ ਪੰਜਾਬੀ ਜਾਂ ਪੰਜਾਬ ਹਿਸਟਰੀ ਅਤੇ ਕਲਚਰ ਦਾ ਵਿਸ਼ਾ ਲੈਣ ਲਈ ਸ਼ਰਤਾਂ

ਅਜਿਹਾ ਵਿਦਿਆਰਥੀ ਜੋ ਕਿ ਸਰਕਾਰੀ/ਅਰਧ ਸਰਕਾਰੀ/ਕੇਂਦਰੀ ਸਰਕਾਰ/ ਸੁਰੱਖਿਆ ਬਲਾਂ ਦੇ ਕਰਮਚਾਰੀ ਦਾ ਬੱਚਾ ਹੋਵੇ ਜਾਂ ਅਜਿਹੇ ਕਰਮਚਾਰੀ ਦਾ ਬੱਚਾ ਹੋਵੇ ਅਤੇ ਦਾਖਲਾ ਲੈਣ ਤੋਂ ਤੁੰਰਤ ਪਹਿਲਾਂ ਘੱਟੋ ਘੱਟ ਦਸ ਸਾਲ ਪੰਜਾਬ ਪ੍ਰਾਂਤ/ਚੰਡੀਗੜ੍ਹ ਯੂਟੀ ਤੋਂ ਬਾਹਰ ਰਿਹਾ ਹੋਵੇ ਅਤੇ ਮੈਟ੍ਰਿਕ ਤੱਕ ਪੰਜਾਬੀ ਨਾ ਪੜ੍ਹੀ ਹੋਵੇ।

**ਜਾਂ**

ਵਿਦਿਆਰਥੀ ਨੇ +2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਲੈ ਕੇ ਪਾਸ ਕੀਤੀ ਹੋਵੇ।

**ਜਾਂ**

ਉਸ ਨੇ ਮੈਟ੍ਰਿਕ ਦੀ ਪ੍ਰੀਖਿਆ ਪੰਜਾਬ ਪ੍ਰਾਂਤ ਜਾਂ ਚੰਡੀਗੜ੍ਹ (ਯੂ ਟੀ) ਤੋਂ ਬਾਹਰੋਂ ਪੰਜਾਬੀ ਵਿਸ਼ਾ ਲਏ ਬਗੈਰ ਪਾਸ ਕੀਤੀ ਹੋਵੇ।

**ਜਾਂ**

ਵਿਦਿਆਰਥੀ ਪੰਜਾਬ ਦਾ ਵਾਸੀ ਨਾ ਹੋਵੇ ਅਤੇ ਉਸਦੀ ਮਾਂ ਬੋਲੀ ਪੰਜਾਬੀ ਨਾ ਹੋਵੇ ਅਤੇ ਉਸਨੇ ਮੈਟ੍ਰਿਕ/+2 ਦੀ ਪੱਧਰ ਤੋਂ ਪੰਜਾਬੀ ਵਿਸ਼ਾ ਨਾ ਪੜ੍ਹਿਆ ਹੋਵੇ।

**ਜਾਂ**

ਅਜਿਹਾ ਵਿਦਿਆਰਥੀ ਜੋ ਬੀ.ਏ, ਬੀ.ਐਸ ਸੀ. ਬੀ.ਕਾਮ. ਬੀ.ਸੀ.ਏ. ਭਾਗ ਪਹਿਲਾ ਪਾਸ ਕਰਨ ਤੋਂ ਪਹਿਲਾ ਜਾਂ ਬਾਅਦ ਕਿਸੇ ਹੋਰ ਯੂਨੀਵਰਸਿਟੀ ਤੋਂ ਯੂਨਿਵਰਸਿਟੀ ਵਿੱਚ ਤਬਦੀਲ ਹੋ ਕੇ ਆਇਆ ਹੋਵੇ ਅਤੇ ਉਸ ਨੂੰ ਯੂਨਿਵਰਸਿਟੀ ਵਿੱਚ ਪੰਜਾਬੀ ਲਾਜ਼ਮੀ ਵਿਸ਼ਾ ਨਾ ਪੜ੍ਹਿਆ ਹੋਵੇ।

**ਨੋਟ : ਮੁੱਢਲੀ ਪੀ ਐਚ ਸੀ ਦਾ ਵਿਸ਼ਾ ਲੈਣ ਵਾਲੇ ਜਿਹੜੇ ਵਿਦਿਆਰਥੀ ਪੰਜਾਬ ਵਾਸੀ ਨਹੀਂ ਹਨ, ਉਹ ਜਿਸ ਰਾਜ ਦੇ ਵਾਸੀ ਹੋਣ, ਉਥੋਂ ਦੇ ਸਮੱਰਥ ਅਧਿਕਾਰੀ ਵਲੋਂ ਜਾਰੀ ਕੀਤਾ ਡੋਮੀਸਾਈਲ ਰਿਹਾਇਸ਼ ਸਰਟੀਫਿਕੇਟ ਦੇਣਗੇ।**

## ਕਲਾਸਾਂ ਵਿੱਚ ਦਾਖਲੇ ਲਈ ਉਪਲਬਧ ਸੀਟਾਂ

| | | | | | |
|---|---|---|---|---|---|
| • ਪੀ.ਜੀ.ਡੀ.ਸੀ.ਏ. | | 40 | • ਬੀ.ਸੀ.ਏ. | (ਪਹਿਲਾ ਸਮੈਸਟਰ) | 60 |
| • ਬੀ.ਏ. | (ਪਹਿਲਾ ਸਮੈਸਟਰ) | 560 | • ਬੀ.ਬੀ.ਏ. | (ਪਹਿਲਾ ਸਮੈਸਟਰ) | 60 |
| • ਬੀ.ਏ. | (ਪਹਿਲਾ ਸਮੈਸਟਰ) (ਫਾਇਨ ਆਰਟਸ) | 80 | • ਬੀ.ਕਾਮ. | (ਪਹਿਲਾ ਸਮੈਸਟਰ) | 75 |
| • ਬੀ.ਏ. | (ਪਹਿਲਾ ਸਮੈਸਟਰ) (ਮਾਸ ਕਮਿਊਨੀਕੇਸ਼ਨ) | 80 | • ਬੀ.ਕਾਮ. | (ਪਹਿਲਾ ਸਮੈਸਟਰ) (ਟੈਕਸ ਪਲੈਨਿੰਗ) | 75 |
| | | | • ਐਮ.ਕਾਮ | (ਪਹਿਲਾ ਸਮੈਸਟਰ) | 60 |
| • ਬੀ.ਐਸ ਸੀ. | (ਪਹਿਲਾ ਸਮੈਸਟਰ) (ਮੈਡੀਕਲ) | 80 | • ਐਮ.ਐਸ ਸੀ. | (ਪਹਿਲਾ ਸਮੈਸਟਰ) (ਗਣਿਤ) | 60 |
| • ਬੀ.ਐਸ ਸੀ. | (ਪਹਿਲਾ ਸਮੈਸਟਰ) (ਨਾਨ ਮੈਡੀਕਲ) | 80 | • ਐਮ.ਏ. | (ਪਹਿਲਾ ਸਮੈਸਟਰ) (ਅਰਥ ਸ਼ਾਸ਼ਤਰ) | 60 |
| • ਬੀ.ਐਸ ਸੀ. | (ਪਹਿਲਾ ਸਮੈਸਟਰ) (ਕੰਪਿਊਟਰ ਸਾਇੰਸ) | 60 | • ਐਮ.ਏ. | (ਪਹਿਲਾ ਸਮੈਸਟਰ) (ਪੰਜਾਬੀ) | 60 |
| • ਬੀ.ਐਸ ਸੀ. | (ਪਹਿਲਾ ਸਮੈਸਟਰ) (ਇਕਨਾਮਿਕਸ) | 40 | • ਐਮ.ਏ. | (ਪਹਿਲਾ ਸਮੈਸਟਰ) (ਅੰਗਰੇਜ਼ੀ)* | 60 |

## ਰਾਖਵੀਆਂ ਸੀਟਾਂ ਦਾ ਵੇਰਵਾ

**ਪੰਜਾਬ ਸਰਕਾਰ ਦੇ ਆਦੇਸ਼ਾਂ ਦੇ ਅਨੁਸਾਰ ਨਵੇਂ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:-**

| | | |
|---|---|---|
| 1. | ਜਨਰਲ ਕੈਟਾਗਰੀ | 52% |
| 2. | ਅਨਸੂਚਿਤ ਜਾਤੀਆਂ (SC/ST) ਲਈ | 20% |
| 3. | ਪੱਛੜੀਆਂ ਸ਼੍ਰੇਣੀਆਂ (BC) ਲਈ | 0.8% |
| 4. | ਸਰੀਰਕ ਤੌਰ 'ਤੇ ਅਪਾਹਿਜਾਂ ਲਈ 50% ਤੋਂ 70%) | 3% |
| 5. | ਖਿਡਾਰੀਆਂ ਲਈ (Gen 2%, SC 1%) | 3% |
| 6. | ਸੁਰੱਖਿਆ ਕਰਮਚਾਰੀਆਂ ਦੇ ਆਸ਼ਰਿਤ (Gen 7%, SC 4%, BC 2%) | 13 % |
| 7. | ਆਜ਼ਾਦੀ ਘੋਲਾਟੀਆਂ ਦੇ ਬੱਚੇ / ਦੇ ਪੋਤੇ ਪੋਤੀਆਂ / ਦੋਹਤੇ ਦੋਹਤੀਆਂ (Gen) | 1% |

**ਨੋਟ : ਉਪਰੋਕਤ ਰਾਖਵੀਆਂ ਸੀਟਾਂ ਵਿੱਚ ਬਦਲਾਅ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤਾ ਜਾ ਸਕਦਾ ਹੈ।**

## ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਸੰਕੇਤ

1. ਦਾਖਲਾ ਫਾਰਮ ਨਾਲ ਜਾਤੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਪੱਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਾਲਾਨਾ ਆਮਦਨ 100000/- ਰੁਪਏ ਤੋਂ ਘੱਟ ਹੈ, ਕੇਵਲ ਉਨ੍ਹਾਂ ਨੂੰ ਹੀ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਆਮਦਨ ਸਰਟੀਫਿਕੇਟ ਦੇਣਾ ਜ਼ਰੂਰੀ ਹੋਵੇਗਾ। ਆਮਦਨ ਸਰਟੀਫਿਕੇਟ ਚਾਲੂ ਵਿੱਤੀ ਸਾਲ ਦਾ ਹੋਣਾ ਜ਼ਰੂਰੀ ਹੈ।
2. ਜਾਤੀ ਸਰਟੀਫਿਕੇਟ ਅਤੇ ਆਮਦਨ ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਵੀਜ਼ਨ ਮੈਜਿਸਟ੍ਰੇਟ/ਕਾਰਜਕਾਰੀ ਮੈਜਿਸਟ੍ਰੇਟ/ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ।
3. ਬੀ.ਐਸ.ਐਫ/ਆਰਮਡ ਫੋਰਸਿਜ਼/ਸੀ.ਆਰ.ਪੀ.ਐਫ ਵਿੱਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲੇ ਫਾਰਮ ਨਾਲ ਸਬੰਧਤ ਕਮਾਡਿੰਗ ਅਫਸਰ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।
4. ਖਿਡਾਰੀਆਂ ਦਾ ਦਾਖਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ ਉਤੇ ਟੈਸਟ ਲੈ ਕੇ ਪਰਖਣ ਉਪਰੰਤ ਕੀਤਾ ਜਾਂਦਾ ਹੈ। ਉਹ ਖਿਡਾਰੀ ਦਾਖਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿੱਚ ਕਾਲਜ ਵਲੋ ਹਿੱਸਾ ਲੈਣ। ਇਹਨਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵਲੋਂ ਮਾਨਤਾ ਪ੍ਰਾਪਤ ਖੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।
5. ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖਲਾ ਫਾਰਮ ਨਾਲ ਸਬੰਧਤ ਸੰਸਥਾ ਦੇ ਮੁਖੀ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੋਵੇਗਾ। ਸਕੂਲ ਦੇ ਮੁਖੀ ਦੇ ਸਰਟੀਫਿਕੇਟ ਦਾ ਡੀ.ਈ.ਓ. ਦੁਆਰਾ ਤਸਦੀਕ ਹੋਣਾ ਜਰੂਰੀ ਹੈ। ਇਸ ਕਾਲਜ ਦੇ ਮੌਜੂਦਾ ਸਟਾਫ ਮੈਂਬਰਾਂ ਦੇ ਬੱਚਿਆਂ ਨੂੰ ਦਾਖਲਾ ਦਿੱਤਾ ਜਾਵੇਗਾ।
6. ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਨਾਮ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਜਾਰੀ ਕੀਤੇ ਸਨਾਖਤੀ ਕਾਰਡ ਦੀ ਫੋਟੋ ਲਾਉਣੀ ਲਾਜ਼ਮੀ ਹੈ।
7. ਵਿਦਿਆਰਥੀ ਜਿਨ੍ਹਾਂ ਵਰਗਾਂ ਲਈ ਰਾਖਵੀਂ ਸੀਟ ਦੀ ਸਵੈ ਇੱਛਾ ਪ੍ਰਗਟ ਕਰਨਗੇ, ਉਹਨਾਂ ਸਬੰਧੀ ਜ਼ਰੂਰੀ ਦਸਤਾਵੇਜ ਪਹਿਲਾ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ।
8. ਪੱਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਨ-ਜਾਤੀਆਂ ਨਾਲ ਸਬੰਧਤ ਵਿਦਿਆਰਥੀ ਦਾਖਲਾ ਲੈਣ ਸਮੇਂ ਫੀਸ ਮੁਆਫੀ ਲਈ ਲੋੜੀਂਦੇ ਦਸਤਵੇਜ ਮੁਕੰਮਲ ਰੂਪ ਵਿੱਚ ਅਤੇ ਸਮਰੱਥ ਅਧਿਕਾਰੀ ਤੋਂ ਤਸਦੀਕ ਕਰਵਾਉਣ ਉਪਰੰਤ ਫੀਸ ਕਲਰਕ ਕੋਲ ਜਮ੍ਹਾਂ ਕਰਵਾਉਣ।

## ਦਾਖਲੇ ਸੰਬੰਧੀ ਨਿਯਮ

1. ਕਾਲਜ ਵਿੱਚ ਦਾਖਲਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵਲੋਂ ਨਿਰਧਾਰਤ ਨਿਯਮਾਂ ਦੇ ਅਨੁਸਾਰ ਕੀਤਾ ਜਾਵੇਗਾ।
2. ਉਮੀਦਵਾਰ ਨੂੰ ਦਾਖਲੇ ਲਈ ਬਿਨਾਂ ਕੋਈ ਕਾਰਨ ਦੱਸੇ ਨਾਂਹ ਕੀਤੀ ਜਾ ਸਕਦੀ ਹੈ। ਪ੍ਰਿੰਸੀਪਲ ਦਾ ਫੈਸਲਾ ਅੰਤਿਮ ਹੋਵੇਗਾ।
3. ਨਵੇਂ ਦਾਖਲੇ ਲਈ ਸੀਟਾਂ ਨਿਯਮਾਂ ਅਨੁਸਾਰ ਹੋਣਗੀਆਂ ਪਰ ਦਾਖਲਾ ਫਾਰਮ ਵਿੱਚ ਰਾਖਵੀਆਂ ਸੀਟਾਂ ਸਬੰਧੀ ਕਲੇਮ ਪਹਿਲਾਂ ਕਰਨਾ ਪਵੇਗਾ।
4. ਦਾਖਲਾ ਲੈਣ ਸਮੇਂ ਆਮਦਨ ਦਾ ਲੋੜੀਂਦਾ ਸਰਟੀਫਿਕੇਟ ਜ਼ਰੂਰੀ ਹੈ। ਜੋ ਕਿ ਛੇ ਮਹੀਨੇ ਤੋਂ ਪੁਰਾਣਾ ਨਾ ਹੋਵੇ। ਉਸ ਦੀ ਅਣਹੋਂਦ ਵਿੱਚ ਪੂਰੀ ਫੀਸ ਜਮ੍ਹਾਂ ਕਰਵਾਉਣੀ ਪਵੇਗੀ।
5. ਜਿਨ੍ਹਾਂ ਵਿਦਿਆਰਥੀਆਂ ਦੀ 10+2 ਪ੍ਰੀਖਿਆ/ਗ੍ਰੈਜੂਏਸ਼ਨ ਦੀ ਫਾਈਨਲ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਆਈ ਹੋਵੇ ਉਨ੍ਹਾਂ ਨੂੰ ਕਿਸੇ ਵੀ ਉਚੇਰੀ ਕਲਾਸ ਵਿੱਚ ਕਿਸੇ ਵੀ ਹਾਲਾਤ ਵਿੱਚ ਦਾਖਲਾ ਨਹੀਂ ਦਿਤਾ ਜਾਵੇਗਾ।
6. ਇਤਫਾਕੀਆ ਦਾਖਲਾ ਨਹੀਂ ਦਿਤਾ ਜਾਵੇਗਾ।
7. ਬੀ.ਏ ਪਹਿਲਾ ਸਮੈਸਟਰ ਵਿੱਚ ਕਿਸੇ ਵੀ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਸੰਖਿਆ ਦੇ ਵਧਣ ਨਾਲ ਵਿਦਿਆਰਥੀਆਂ ਨੂੰ ਉਹ ਵਿਸ਼ੇ ਲੈਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
8. ਹਰ ਬਿਨੈਕਾਰ ਨੂੰ ਦਾਖਲਾ ਹੋਣ ਤੋ ਪਹਿਲਾ ਕਾਲਜ ਦੇ ਪ੍ਰੋਫੈਸਰਾਂ ਦੀ ਇੰਟਰਵਿਊ ਕਮੇਟੀ ਦੇ ਸਾਹਮਣੇ ਪੇਸ਼ ਹੋਣਾ ਪਵੇਗਾ।

## ਮਾਈਗ੍ਰੇਸ਼ਨ ਤੇ ਪਾਤਰਤਾ ਸਰਟੀਫਿਕੇਟ ਸੰਬੰਧੀ ਨਿਯਮ

1. ਯੂਨੀਵਰਸਿਟੀ ਦੇ ਪੱਤਰ ਨੰ. 1780-2129/ਰਜਿ. ਮਿਤੀ 19-04-2017 ਦੇ ਆਦੇਸ਼ਾਂ ਅਨੁਸਾਰ ਕੋਈ ਵੀ ਕਾਲਜ ਦੂਸਰੇ ਕਾਲਜ ਤੋਂ ਆਏ

ਵਿਦਿਆਰਥੀਆਂ ਨੂੰ ਯੂਨੀਵਰਸਿਟੀ ਪਾਸੋਂ ਇੰਟਰ ਕਾਲਜ ਮਾਈਗ੍ਰੇਸ਼ਨ ਸਰਟੀਫਿਕੇਟ ਲਏ ਬਗੈਰ ਦਾਖਲਾ ਨਹੀਂ ਕਰੇਗਾ। ਜੇਕਰ ਅਜਿਹਾ ਕਰਦਾ ਹੈ ਤਾਂ ਯੂਨੀਵਰਸਿਟੀ ਵਲੋਂ ਵਿਦਿਆਰਥੀ ਦਾ ਦਾਖਲਾ ਰੱਦ ਕਰਦੇ ਹੋਏ, ਸਬੰਧਤ ਕਾਲਜ ਨੂੰ ਢੁੱਕਵਾਂ ਜੁਰਮਾਨਾ ਕੀਤਾ ਜਾਵੇਗਾ।

2. ਜਿਹੜੇ ਵਿਦਿਆਰਥੀ ਨੇ ਹੇਠਲੀ ਪ੍ਰੀਖਿਆ ਕਿਸੇ ਹੋਰ ਬੋਰਡ/ਯੂਨੀਵਰਸਿਟੀ ਪੰਜਾਬ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ ਤੋਂ ਪਾਸ ਕੀਤੀ ਹੈ, ਉਨ੍ਹਾਂ ਲਈ ਦਾਖਲਾ ਲੈਣ ਸਮੇਂ ਇਸ ਯੂਨੀਵਰਸਿਟੀ ਤੋਂ 1 ਮਹੀਨੇ ਦੇ ਅੰਦਰ ਅੰਦਰ ਪਾਤਰਤਾ ਸਰਟੀਫਿਕੇਟ ਲੈਣਾ ਜ਼ਰੂਰੀ ਹੈ। ਪਾਤਰਤਾ ਸਰਟੀਫਿਕੇਟ ਤੋਂ ਬਿਨ੍ਹਾਂ ਦਾਖਲਾ ਨਹੀ ਕੀਤਾ ਜਾਵੇਗਾ।

**ਪਾਤਰਤਾ ਸਰਟੀਫਿਕੇਟ ਨਿਰਧਾਰਤ ਫਾਰਮ ਤੇ ਬਿਨੈ ਪੱਤਰ 100 ਰੁਪਏ ਫੀਸ ਨਾਲ ਪ੍ਰਾਪਤ ਕਰਨ ਲਈ ਹੇਠ ਲਿਖੇ ਦਸਤਾਵੇਜ ਪੇਸ਼ ਕੀਤੇ ਜਾਣ –**

1. ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਤੇ ਅਧਾਰ ਨੰਬਰ ਕਾਰਡ
2. ਬੋਰਡ/ਯੂਨੀਵਰਸਿਟੀ ਵਲੋਂ ਜਾਰੀ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ
3. ਐਟਰੈਂਸ ਟੈਸਟ ਕਾਰਡ ਜਾਂ ਸਿਲੈਕਸ਼ਨ ਲਿਸਟ ਦੀ ਕਾਪੀ।
4. ਐਸ.ਸੀ/ਬੀ.ਸੀ ਅਤੇ ਪੰਜਾਬ ਡੋਮੀਸਾਈਲ ਰਿਹਾਇਸ਼ ਸਰਟੀਫਿਕੇਟ

## ਦਾਖਲੇ ਲਈ ਲੋੜੀਂਦੇ ਦਸਤਾਵੇਜ

**ਦਾਖਲਾ ਫਾਰਮ ਭਰਨ ਤੋਂ ਪਹਿਲਾ ਵਿਦਿਆਰਥੀ ਪ੍ਰਾਸਪੈਕਟਸ ਦੇ ਪਿੱਛਲੇ ਪਾਸੇ ਦਿਤੇ ਗਏ ਜ਼ਰੂਰੀ ਨੋਟ ਨੂੰ ਜ਼ਰੂਰ ਪੜ੍ਹਨ।**

1. ਕਾਲਜ ਵਲੋਂ ਨਿਰਧਾਰਤ ਦਾਖਲਾ ਫਾਰਮ
2. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਆਨ ਲਾਇਨ ਪੋਰਟਲ **'Online portal'** ਰਾਹੀਂ ਕੀਤੀ ਗਈ ਰਜਿਸਟ੍ਰੇਸ਼ਨ ਦਾ ਪ੍ਰਿੰਟ ਆਊਣ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਆਨ ਲਾਇਨ ਪੋਟਰਲ **'Online portal' 'collegeadmissions.gndu.ac.in'** ਤੇ ਰਜਿਸਟ੍ਰੇਸ਼ਨ ਕਰਨ ਉਪਰੰਤ ਪ੍ਰਿੰਟ ਆਊਟ।
3. ਜਨਮ ਮਿਤੀ ਸਰਟੀਫਿਕੇਟ ਮੈਟ੍ਰਿਕ ਦੀ ਤਸਦੀਕ ਸ਼ੁਦਾ ਨਕਲ।
4. (i) ਬੀ.ਏ./ਬੀ.ਐਸ.ਸੀ./ਬੀ.ਕਾਮ./ਬੀ.ਸੀ.ਏ. ਪਹਿਲਾ ਸਮੈਸਟਰ ਦੇ ਦਾਖਲੇ ਲਈ 10+2 ਪ੍ਰੀਖਿਆ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਨਕਲ।
   (ii) ਐਮ.ਏ.ਪਹਿਲਾ ਸਮੈਸਟਰ ਦੇ ਦਾਖਲੇ ਲਈ ਬੀ.ਏ./ਬੀ.ਐਸ.ਸੀ/ਬੀ.ਕਾਮ ਦੇ ਸਾਰੇ ਸਮੈਸਟਰਾਂ ਦੀ ਨੰਬਰ ਕਾਰਡ ਦੀਆਂ ਤਸਦੀਕਸ਼ੁਦਾ ਨਕਲਾਂ।
5. (i) ਜਿਸ ਸੰਸਥਾ ਤੋਂ ਯੋਗਤਾ ਪ੍ਰਖਿਆ / ਪੂਰਵਲਾ ਇਮਤਿਹਾਨ ਪਾਸ ਕੀਤਾ ਹੈ, ਦੇ ਮੁਖੀ ਵਲੋ ਜਾਰੀ ਚਰਿਤਰ ਸਰਟੀਫਿਕੇਟ ਦੀ ਤਸਦੀਕਸ਼ੁਦਾ ਨਕਲ।
   (ii) ਜਿਸ ਉਮੀਦਵਾਰ ਨੇ ਪੂਰਵਲੀ ਪ੍ਰੀਖਿਆ ਪ੍ਰਾਈਵੇਟ ਤੌਰ 'ਤੇਂ ਪਾਸ ਕੀਤੀ ਹੋਵੇ, ਨੂੰ ਪਿੰਡ ਦੇ ਸਰਪੰਚ/ਮੁਹੱਲੇ ਦੇ ਐਮ.ਸੀ.ਵਲੋਂ ਜਾਰੀ ਆਪਣੇ ਚਾਲ ਚਲਣ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਨਕਲ।
6. ਵਿਦਿਆਰਥੀ ਵਲੋਂ ਆਪਣੇ ਬਲੱਡ ਗਰੁੱਪ ਸਬੰਧੀ ਸਰਟੀਫਿਕੇਟ ਲੈਬ/ਡਾਕਟਰ ਪਾਸੋਂ ਜਾਰੀ ਕਰਵਾ ਕੇ ਨੱਥੀ ਕਰਨਾ ਜ਼ਰੂਰੀ ਹੈ।
7. ਰਾਖਵੀਂ ਸੀਟ ਦਾ ਦਾਖਲਾ ਕਰਨ ਲਈ ਸਮਰੱਥ ਅਧਿਕਾਰੀ ਵਲੋਂ ਜਾਰੀ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਨਕਲ। ਨਕਲ ਨਥੀ ਨਾ ਹੋਣ ਦੀ ਸੂਰਤ ਵਿੱਚ ਫਾਰਮ ਜਨਰਲ ਕੈਟਾਗਰੀ ਵਿੱਚ ਹੀ ਵਿਚਾਰਿਆ ਜਾਵੇਗਾ।
8. ਘਰ ਦਾ ਪਤਾ ਲਿਖਿਆ ਟਿਕਟ ਲੱਗਿਆ ਇਕ ਲਿਫਾਫਾ (ਸਿਰਫ ਕੋਰਸ ਦੇ ਆਖਰੀ ਸਾਲ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਲਈ।
9. ਰਾਖਵੀਆਂ ਸ਼੍ਰੇਣੀਆਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਆਪਣੇ ਦਾਖਲਾ ਫਾਰਮ ਨਾਲ ਤਸਦੀਕਸ਼ੁਦਾ ਨਕਲਾਂ ਦੀਆਂ ਦੋ ਦੋ ਕਾਪਆਂ (ਦੋ ਸੈਟ) ਲਗਾਉਣ।
10. ਅਧਾਰ ਕਾਰਡ ਨਾਲ ਜੁੜੇ ਬੈਂਕ ਦੀ ਪਾਸਬੁੱਕ ਦੀ ਕਾਪੀ ਅਤੇ ਤਿੰਨ ਪਾਸਪੋਰਟ ਸਾਇਜ ਫੋਟੋਆ।
11. ਐਂਟੀ ਰੈਗਿੰਗ ਸਰਟੀਫਿਕੇਟ
12. ABC/ APAAR ID ਦੀ ਕਾਪੀ।
13. Voter ID ਦੀ ਕਾਪੀ।

## ਦਾਖਲਾ ਪੋਰਟਲ ਤੇ ਰਜਿਸਟ੍ਰੇਸ਼ਨ ਦੌਰਾਨ ਜ਼ਰੂਰੀ ਹਦਾਇਤਾਂ

**collegeadmission.gndu.ac.in**

1. ਵਿਦਿਆਰਥੀ ਦਾਖਲਾ ਪੋਰਟਲ ਉਪਰ ਦਿੱਤੀਆਂ ਸਾਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਦੇ ਹੋਏ ਆਪਣਾ ਵੇਰਵਾ ਈਮੇਲ, ਐਡਰੈਸ ਅਤੇ ਮੋਬਾਇਲ ਨੰਬਰ ਯੂਨੀਵਰਸਿਟੀ ਪੋਰਟਲ **collegeadmission.gndu.ac.in** ਤੇ ਭਰਨ ਜੋ ਰਜਿਸਟ੍ਰੇਸ਼ਨ ਕਰਨ ਸਮੇਂ ਭਰਿਆ ਗਿਆ ਹੋਵੇ।
2. ਵਿਦਿਆਰਥੀ ਆਪਣਾ **User Name** ਅਤੇ **Password** ਆਪਣੇ ਕੋਲ ਸੰਭਾਲ ਕੇ ਰੱਖਣ।
3. ਆਪਣਾ (ਰਜਿ.) ਫੋਨ ਨੰਬਰ ਅਤੇ ਈ-ਮੇਲ ਨਾ ਬਦਲੀ ਜਾਵੇ।

## ਵਿਦਿਆਰਥੀਆਂ ਲਈ ਅਤੀ ਜ਼ਰੂਰੀ ਜਾਣਕਾਰੀ

The Student must have attended at least 75% of the total number of lectures delivered in each theory and practical course separately. Deficiency in lectures may be condoned as per ordinances (Chapter 15(ii), 1.1 of G.N.D. University Calender-2008, vol. II). If in a particular semester, a student falls short of attendance in a maximum of two courses, he/she would be permitted to appear in the semester examination of the papers in which he/she fulfills the attendance requirements. The courses in which the student does not fulfill the minimum attendance requirements, he/she shall not be permitted to appear in the semester examination of such courses and shall be declared as having failed in such courses. A student who is falling short of attendance in maximum of two courses, he/she shall be required to attend the minimum number of lectures which were falling short, during next year when the course/s is/are offered.

### Carry on system for various semester examination

**I. Courses having two semester duration (PGDCA)**

- (i) There shall be no condition for promoting a student from first semester to second semester.
- (ii) In case a student fails to pass all the courses/papers within a period of two semesters (one year), he/she shall be given two consecutive semester (one year) more to pass.

**II. Courses having four semester duration (M.A)**

- (i) There shall be no condition for promoting a student from first semester to second semester
- (ii) However the student shall be promoted to the third semester only if he/she has passed at least 50% courses/papers of the first two semesters.
- (iii) There shall be no condition for promoting a student from third semester to fourth semester.
- (iv) In case a student fails to pass all the courses/papers within a period of four semesters(two years) he/shall be given four consecutive semesters (two years) more to pass.

**i.e. this course must be completed within consecutive 4 years only.**

**III. Courses having Six Semester duration: (B.A., B.Sc., B.Com., BCA)**

- (i) There shall be no condition for promoting a student from first semester to second semester.
- (ii) However the student shall be promoted to the third semester only if he/she has passed atleast 50% courses/papers of the first two semesters.
- (iii) There shall be no condition for promoting a student from third semester to fourth semester.
- (iv) However a student shall be promoted to fifth semester only if he/she has passed atleast 50% courses/papers of the first four semesters.
- (v) There shall be no condition for promoting a student form fifth semester to sixth semester. After a period of six semesters the student shall be given a period of two consecutive years to pass.

## ਐਮ.ਏ. ਦੇ ਇਮਤਿਹਾਨ ਸੰਬੰਧੀ ਪਾਤਰਤਾ ਸ਼ਰਤਾਂ

ਐਮ.ਏ, ਸਮੈਸਟਰਾਂ ਲਈ ਲਿਖਤੀ ਪੇਪਰਾਂ ਅਤੇ ਸੈਮੀਨਾਰਾਂ ਵਿਚੋਂ ਹਰ ਇਕ ਵਿਚ ਵੱਖ ਵੱਖ 25% ਜਾਂ ਸਮੂਹ ਲਿਖਤੀ ਪੇਪਰਾਂ ਅਤੇ ਸੈਮੀਨਾਰਾਂ ਦੇ ਕੁੱਲ ਜੋੜ ਦਾ 33%.

**ਨੋਟ :** 1. ਐਮ.ਏ, ਦੀਆਂ ਜਮਾਤਾਂ ਦੇ ਕੁੱਲ ਅੰਕਾਂ ਦਾ 25% ਸੈਮੀਨਾਰਾਂ ਲਈ ਹੋਵੇਗਾ।

2. ਹਰ ਵਿਦਿਆਰਥੀ ਪੂਰੇ ਸੈਸ਼ਨ ਵਿੱਚ ਸੈਮੀਨਾਰਾਂ ਦੀਆਂ ਘੱਟ ਤੋਂ ਘੱਟ ਪੰਜ ਅਸਾਇਨਮੇਂਟਸ ਜ਼ਰੂਰ ਪੂਰੀਆ ਕਰੇਗਾ।

## ਫੀਸ ਸੰਬੰਧੀ ਹਦਾਇਤਾਂ

ਦਾਖਲੇ ਲਈ ਚੁਣੇ ਗਏ ਉਮੀਦਾਵਾਰਾਂ ਲਈ ਇੰਟਰਵਿਊ ਹੋਣ ਉਪਰੰਤ 24 ਘੰਟੇ ਦੇ ਅੰਦਰ ਅੰਦਰ ਫੰਡ ਅਤੇ ਫੀਸਾਂ ਜਮ੍ਹਾਂ ਕਰਵਾਉਣੀਆਂ ਜ਼ਰੂਰੀ ਹਨ, ਨਹੀ ਤਾਂ ਉਨ੍ਹਾਂ ਦੀ ਚੋਣ ਰੱਦ ਹੋ ਜਾਵੇਗੀ। ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਤ ਸਮੇਂ ਤੇ ਕੀਤੀ ਜਾਵੇ, ਨਹੀ ਤਾਂ ਵਿਦਿਆਰਥੀ ਦਾ ਨਾਂ ਕੱਟ ਦਿਤਾ ਜਾਵੇਗਾ। **ਦਾਖਲੇ ਸਮੇਂ ਵਿਦਿਆਰਥੀ ਨੇ ਫੀਸਾਂ ਮਈ ਤੋਂ ਅਕਤੂਬਰ ਤੱਕ ਅਦਾ ਕਰਨੀਆਂ ਹੁੰਦੀਆਂ ਹਨ।** ਜਦੋਂ ਕਿ ਦੂਸਰੇ ਫੰਡ ਪੂਰੇ ਸਾਲ ਭਰ ਦੇ ਇੱਕ ਵਾਰੀ ਹੀ ਲਏ ਜਾਂਦੇ ਹਨ। **ਅਗਲੇ ਛੇ ਮਹੀਨੇ ਦੀ ਫੀਸ ਜਨਵਰੀ ਵਿੱਚ ਲਈ ਜਾਂਦੀ ਹੈ। ਜਦੋਂ ਤੱਕ ਕਲਾਸ ਦੀਆਂ ਫੀਸਾਂ/ਫੰਡਾਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਵਿਦਿਆਰਥੀ ਨੂੰ ਯੂਨੀਵਰਸਿਟੀ ਰੋਲ ਨੰਬਰ ਨਹੀਂ ਦਿਤਾ ਜਾਵੇਗਾ।** ਲਾਇਬ੍ਰੇਰੀ ਦੀ ਜਮਾਨਤ, ਜੇਕਰ ਕਾਲਜ ਛੱਡਣ ਉਪਰੰਤ ਇੱਕ ਸਾਲ ਦੇ ਅੰਦਰ ਵਾਪਸ ਨਾ ਲਈ ਤਾਂ ਜਬਤ ਹੋ ਜਾਵੇਗੀ। ਆਪਣੀ ਸਹੂਲਤ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਫੀਸ ਜਮ੍ਹਾਂ ਕਰਵਾਉਣ ਵੇਲੇ ਖੁੱਲ੍ਹੇ ਪੈਸੇ/ਛੋਟੇ ਨੋਟ ਲੈ ਕੇ ਆਉਣ। ਕਾਊਂਟਰ ਛੱਡਣ ਤੋਂ ਪਹਿਲਾ ਵਿਦਿਆਰਥੀ ਹਰ ਤਰ੍ਹਾਂ ਦੀ ਅਦਾਇਗੀ ਦੀ ਰਸੀਦ ਪ੍ਰਾਪਤ ਕਰਨਾ ਯਕੀਨੀ ਬਣਾਉਣ। ਨਿਯਮਾਂ ਅਨੁਸਾਰ ਸਕੀਆਂ ਭੈਣਾਂ ਅਤੇ ਸਕੇ ਭਰਾਵਾਂ ਦੀਆਂ ਫੀਸਾਂ ਵਿੱਚ ਰਿਆਇਤ ਦਿਤੀ ਜਾਂਦੀ ਹੈ। ਕੇਵਲ ਪੀਟੀਏ ਵਿਚੋ ਦਾਖਲੇ ਲਈ ਚੁਣੇ ਗਏ ਉਮੀਦਵਾਰਾਂ ਲਈ ਇੰਟਰਵਿਊ ਹੋਣ ਉਪਰੰਤ 24 ਘੰਟੇ ਦੇ ਅੰਦਰ ਅੰਦਰ ਫੰਡ ਅਤੇ ਜਮ੍ਹਾਂ ਕਰਵਾਉਣੀਆਂ ਜਰੂਰੀ ਹਨ, ਨਹੀ ਤਾਂ ਉਨ੍ਹਾਂ ਦੀ ਚੋਣ ਰੱਦ ਹੋ ਜਾਵੇਗੀ। ਫੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਮਤ ਸਮੇਂ ਤੇ ਕੀਤੀ ਜਾਵੇ, ਨਹੀਂ ਤਾਂ ਵਿਦਿਆਰਥੀਆਂ ਦਾ ਨਾਂ ਕੱਟ ਦਿਤਾ ਜਾਵੇਗਾ।

## ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਸੰਬੰਧੀ ਨਿਯਮ

### ਕਲਾਸਾਂ ਵਿੱਚ ਹਾਜ਼ਰੀ

1. ਹਰ ਵਿਦਿਆਰਥੀ ਲਈ ਹਰ ਵਿਸ਼ੇ/ਪੇਪਰ (ਲਿਖਤੀ ਤੇ ਪ੍ਰੈਕਟੀਕਲ ਵਿੱਚ ਵੱਖ ਵੱਖ) ਘਟ ਤੋਂ ਘੱਟ 75% ਹਾਜ਼ਰੀਆਂ ਦੀ ਸ਼ਰਤ ਲਾਜ਼ਮੀ ਹੈ।
2. ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਹਰ ਮਜ਼ਮੂਨ ਵਿਚੋਂ ਅਲੱਗ ਅਲੱਗ ਕੁੱਲ ਲੈਕਚਰਾਂ ਦੇ 75% ਲੈਕਚਰ ਲਾਉਣੇ ਜ਼ਰੂਰੀ ਹਨ।
3. ਜੇ ਕੋਈ ਵਿਦਿਆਰਥੀ ਵਿਸ਼ਾ ਬਦਲਦਾ ਹੈ ਤਾਂ ਉਸ ਨੂੰ ਛੱਡੇ ਗਏ ਵਿਸ਼ੇ ਦੇ ਲੈਕਚਰਾਂ ਦਾ ਲਾਭ ਨਹੀ ਦਿਤਾ ਜਾਵੇਗਾ।
4. ਜੇ ਕੋਈ ਵਿਦਿਆਰਥੀ ਨਤੀਜਾ ਲੇਟ ਨਿਕਲਣ ਕਰਕੇ ਕਾਲਜ ਵਿੱਚ ਲੇਟ ਦਾਖਲ ਹੁੰਦਾ ਹੈ ਤਾਂ ਉਸ ਦੀਆਂ ਹਾਜ਼ਰੀਆਂ ਦੀ ਗਿਣਤੀ ਕਾਲਜ ਵਿੱਚ ਉਸਦੇ ਦਾਖਲੇ ਦੀ ਮਿਤੀ ਤੋਂ ਕੀਤੀ ਜਾਵੇਗੀ।
5. ਕਿਸੇ ਵੀ ਕਿਸਮ ਦੀ ਕੋਈ ਛੁੱਟੀ ਸਮੇਤ ਬਿਮਾਰੀ ਦੀ ਛੁੱਟੀ ਦੇ ਲੈਕਚਰਾਂ ਦੀ ਘਾਟ ਨੂੰ ਪੂਰੇ ਕਰਨ ਵਿੱਚ ਸਹਾਈ ਨਹੀਂ ਹੋਵੇਗੀ।
6. ਐਨ.ਸੀ.ਸੀ. ਲੈਣ ਵਾਲੇ ਵਿਦਿਆਰਥੀ ਲਈ ਕੁੱਲ ਪਰੇਡਾਂ ਦੀ 80% ਹਾਜ਼ਰੀ ਜ਼ਰੂਰੀ ਹੈ। ਇਸ ਤੋਂ ਬਿਨ੍ਹਾਂ ਉਹ 'ਬੀ' ਅਤੇ 'ਸੀ' ਸਰਟੀਫਿਕੇਟ ਦੀਆਂ ਪ੍ਰਖਿਆਵਾਂ ਨਹੀ ਦੇ ਸਕਦੇ।
7. ਦੂਜੇ, ਚੌਥੇ ਅਤੇ ਛੇਵੇਂ ਸਮੈਸਟਰ ਦੀਆਂ ਕਲਾਸਾਂ ਸਰਦੀ ਦੀਆਂ ਛੁੱਟੀਆਂ ਤੋਂ ਬਾਅਦ ਕਾਲਜ ਖੁੱਲ੍ਹਣ ਤੇ ਸ਼ੁਰੂ ਹੋ ਜਾਂਦੀਆਂ ਹਨ ਭਾਵੇ ਪਿਛਲੇ ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ। ਕੇਵਲ ਉਹ ਵਿਦਿਆਰਥੀ ਜਿਹਨਾਂ ਦੀ ਪਹਿਲੇ ਸਮੈਸਟਰ ਦੀ ਕੰਪਾਰਟਮੈਂਟ ਹੈ। ਉਹਨਾਂ ਨੂੰ ਛੇਵੇਂ ਸਮੈਸਟਰ ਵਿਚ ਬੈਠਣ ਦੀ ਆਗਿਆ ਪਹਿਲੇ ਸਮੈਸਟਰ ਦੀ ਕੰਪਾਰਟਮੈਂਟ ਪਾਸ ਕਰਨ ਤੋਂ ਬਾਅਦ ਹੀ ਮਿਲੇਗੀ।
8. ਵਿਦਿਆਰਥੀਆਂ ਦਾ ਯੂਨੀਵਰਸਿਟੀ ਨੂੰ ਦਾਖਲਾ ਆਰਜ਼ੀ ਤੌਰ 'ਤੇ ਪ੍ਰੋਵੀਜਨਲ ਭੇਜਿਆ ਜਾਂਦਾ ਹੈ। ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਇਮਤਿਹਾਨ ਵਿੱਚ ਬੈਠਣ ਦੀ ਆਗਿਆ ਹੋਵੇਗੀ ਜੋ ਉਪਰੋਕਤ ਲਿਖੀਆਂ ਸਰਤਾਂ ਪੂਰੀਆਂ ਕਰਨਗੇ।
9. ਵਿਦਿਆਰਥੀ ਆਪਣੀਆਂ ਜਮ੍ਹਾਂ ਕਰਵਾਈਆਂ ਫੀਸਾਂ ਦੀਆਂ ਸਾਰੀਆਂ ਰਸੀਦਾਂ ਸੰਭਾਲ ਕੇ ਰੱਖਣ।
10. ਪੋਸਟ ਮੈਟ੍ਰਿਕ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀ ਬੈਂਕ ਖਾਤੇ ਵਿੱਚ ਸਰਕਾਰ ਵਲੋਂ ਪੈਸੇ ਆਉਣ ਤੇ ਤੁਰੰਤ ਕਾਲਜ ਵਿਖੇ ਜਮ੍ਹਾਂ ਕਰਵਾਉਣਗੇ ਅਤੇ ਸਾਰੀਆਂ ਰਸੀਦਾਂ ਸੰਭਾਲ ਕੇ ਰੱਖਣਾ ਯਕੀਨੀ ਬਣਾਉਣ।

## ਕਾਲਜ ਦਾ ਛੱਡਣਾ

1. ਜੇ ਕੋਈ ਵਿਦਿਆਰਥੀ ਕਾਲਜ ਛੱਡਣਾ ਚਾਹੁੰਦਾ ਹੋਵੇ ਤਾਂ ਉਹ ਪ੍ਰਿੰਸੀਪਲ ਨੂੰ ਲਿਖਤੀ ਰੂਪ ਵਿੱਚ ਬੇਨਤੀ ਕਰੇ। ਅਰਜੀ ਉਪਰ ਪਿਤਾ/ਸਰਪ੍ਰਸਤ ਦੇ ਦਸਤਖਤ ਹੋਣੇ ਜ਼ਰੂਰੀ ਹਨ।
2. ਕਾਲਜ ਛੱਡਣ ਤੋਂ ਪਹਿਲਾਂ ਪੂਰੀਆਂ ਫੀਸਾਂ, ਚੰਦੇ ਅਤੇ ਜੁਰਮਾਨੇ ਦੀ ਅਦਾਇਗੀ ਜ਼ਰੂਰੀ ਹੋਵੇਗੀ। ਵਿਦਿਆਰਥੀ ਲਈ ਲਾਇਬ੍ਰੇਰੀ ਦੀਆਂ ਕਿਤਾਬਾਂ ਅਤੇ ਕਾਲਜ ਦੀ ਹਰ ਇੱਕ ਵਸਤੂ ਤੋਂ ਮੁਕਤ ਹੋਣਾ ਜ਼ਰੂਰੀ ਹੋਵੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਹੋਵੇਗੀ।
3. ਜਿਨ੍ਹਾਂ ਚਿਰ ਪ੍ਰਿੰਸੀਪਲ ਵਲੋਂ ਵਿਦਿਆਰਥੀ ਦੇ ਨਾਮ ਕੱਟਣ ਦੇ ਲਿਖਤੀ ਹੁਕਮ ਜਾਰੀ ਨਹੀਂ ਹੋ ਜਾਂਦੇ, ਉਨ੍ਹਾਂ ਚਿਰ ਫੀਸ, ਚੰਦੇ ਅਤੇ ਜੁਰਮਾਨੇ ਭਰਨੇ ਹੀ ਪੈਣਗੇ।

## ਜ਼ਰੂਰੀ ਨੋਟ

1. ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਪ੍ਰਿੰਸੀਪਲ ਸਰਕਾਰੀ ਕਾਲਜ, ਗੁਰਦਾਸਪੁਰ ਨੂੰ ਬਿਨਾਂ ਕਿਸੇ ਸੂਚਨਾ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਪੂਰਨ ਅਧਿਕਾਰ ਹੈ।
2. ਦਾਖਲੇ ਦਾ ਹੱਕ ਪ੍ਰਿੰਸੀਪਲ ਕੋਲ ਰਾਖਵਾਂ ਹੈ। ਕਿਸੇ ਵੀ ਵਿਦਿਆਰਥੀ ਨੂੰ ਬਿਨ੍ਹਾਂ ਕੋਈ ਕਾਰਨ ਦੱਸੇ ਦਾਖਲਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
3. ਜਮ੍ਹਾਂ ਕਰਵਾਈ ਗਈ ਫੀਸ ਕਿਸੇ ਵੀ ਹਾਲਾਤ ਵਿੱਚ ਵਾਪਿਸ ਨਹੀਂ ਹੋਵੇਗੀ।

## ਮਜ਼ਮੂਨਾਂ ਦਾ ਬਦਲਣਾ

ਵਿਦਿਆਰਥੀਆਂ ਨੂੰ ਕੇਵਲ ਉਹ ਵਿਸ਼ੇ ਹੀ ਪੜ੍ਹਨੇ ਪੈਣਗੇ ਜਿਹੜੇ ਕਾਲਜ ਵਿੱਚ ਚਲਾਏ ਜਾ ਰਹੇ ਵਿਸ਼ਾ ਸਮੂਹ ਅਨੁਸਾਰ ਹੋਣਗੇ। ਇਨ੍ਹਾਂ ਵਿਸ਼ਿਆਂ ਵਿਚ ਪਰਿਵਰਤਨ ਦੀ ਆਗਿਆ ਨਹੀਂ ਹੋਵੇਗੀ। ਬੀ.ਏ ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਕੇਵਲ ਵਿਸ਼ੇਸ਼ ਸ਼ਰਤਾਂ ਵਿਚ ਪ੍ਰਿੰਸੀਪਲ ਦੀ ਆਗਿਆ ਅਨੁਸਾਰ ਹੀ ਜਦੋ ਕਲੈਸ਼ ਹੋਵੇ ਜਾਂ ਕਿਸੇ ਵਿਸ਼ੇ ਵਿੱਚ ਸੰਖਿਆ ਘੱਟ ਹੋਵੇ) ਸੈਸ਼ਨ ਸ਼ੁਰੂ ਹੋਣ ਤੋਂ 15 ਦਿਨਾਂ ਦੇ ਅੰਦਰ ਅੰਦਰ ਵਿਸ਼ਾ ਬਦਲਣ ਲਈ ਆਗਿਆ ਮਿਲ ਸਕਦੀ ਹੈ। ਇਸ ਸਬੰਧੀ ਫਾਰਮ ਦਫਤਰ ਵਿੱਚ ਉਪਲੱਬਧ ਹਨ। ਇਨ੍ਹਾਂ ਫਾਰਮਾਂ ਨੂੰ ਭਰ ਕੇ ਦਫਤਰ ਵਿੱਚ ਦਿਤੇ ਜਾਣ ਉਪਰੰਤ ਹੀ ਵਿਸ਼ਾ ਤਬਦੀਲ ਤਾਂ ਹੀ ਕੀਤਾ ਜਾਵੇਗਾ ਜੇਕਰ ਲੋੜੀਂਦੇ ਵਿਸ਼ੇ ਵਿੱਚ ਸੀਟਾਂ ਹੋਣ ਅਤੇ ਵਿਸ਼ਾ ਸੰਯੋਜਨ ਸਹੀ ਹੋਵੇ।

## ਪੀ.ਟੀ.ਏ.

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਚ ਮਾਪੇ ਅਧਿਆਪਕ ਸਭਾ ਪੀ ਟੀ ਏ ਕਾਇਮ ਕੀਤੀ ਗਈ ਹੈ, ਜਿਸਦੇ ਮੈਂਬਰ ਸਾਰੇ ਮਾਪੇ ਅਤੇ ਅਧਿਆਪਕ ਹੁੰਦੇ ਹਨ। ਇਸਦਾ ਉਦੇਸ਼ ਕਾਲਜ ਦੀ ਬਿਹਤਰੀ ਲਈ ਕੰਮ ਕਰਨਾ ਅਤੇ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਵਿਦਿਅਕ ਅਤੇ ਹੋਰ ਸਹੂਲਤਾਂ ਉਪਲੱਬਧ ਕਰਵਾਉਣਾ ਹੈ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਮਾਪੇ ਅਤੇ ਅਧਿਆਪਕ ਸਮੇਂ ਸਮੇਂ ਤੇ ਮਾਇਕ ਯੋਗਦਾਨ ਪਾਉਂਦੇ ਹਨ।

## ਕਾਲਜ ਯੂਨੀਫਾਰਮ

1. ਲੜਕੀਆਂ ਲਈ ਕਾਲਜ ਵਿੱਚ ਨਿਰਧਾਰਤ ਯੂਨੀਫਾਰਮ ਪਹਿਨ ਕੇ ਆਉਣਾ ਜ਼ਰੂਰੀ ਹੈ। ਯੂਨੀਫਾਰਮ ਵਿੱਚ ਗੁਲਾਬੀ ਰੰਗ ਦੀ ਕਮੀਜ, ਸਫੈਦ ਸਲਵਾਰ ਅਤੇ ਸਫੈਦ ਦੁਪੱਟਾ ਲੈਣਾ ਹੈ। ਸਰਦੀਆਂ ਵਿੱਚ ਕਾਲਾ ਸਵੈਟਰ ਪਾਉਣਾ ਹੈ। ਬੁੱਧਵਾਰ ਅਤੇ ਸ਼ਨੀਵਾਰ ਇਸ ਪਾਬੰਧੀ ਤੋਂ ਛੋਟ ਹੋਵੇਗੀ ਅਤੇ ਵਿਦਿਆਰਥੀ ਨੇ ਇਹ ਯੂਨੀਫਾਰਮ ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ੁਕਰਵਾਰ ਦੇ ਦਿਨ ਪਾ ਕੇ ਆਉਣੀ ਹੈ।
2. ਪਟਕਾ ਬੰਨ ਕੇ ਕਾਲਜ ਵਿੱਚ ਆਉਣ ਦੀ ਸਖਤ ਮਨਾਹੀ ਹੈ। ਸ਼ਾਮ ਨੂੰ ਖੇਡ ਦੇ ਮੈਦਾਨ ਵਿੱਚ ਆਉਣ ਵਾਲੇ ਵਿਦਿਆਰਥੀ ਪਟਕਾ ਬੰਨ ਕੇ ਆ ਸਕਦੇ ਹਨ।

## ਟਿਊਟੋਰੀਅਲ

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਨਜਦੀਕੀ ਸੰਪਰਕ ਬਣਾਉਣ ਲਈ ਟਿਊਟੋਰੀਅਲ ਗੁਰੱਪ ਲਗਾਏ ਜਾਂਦੇ ਹਨ, ਜਿਸ ਦੀਆਂ ਮੀਟਿੰਗਾਂ ਸਾਰਾ ਸਾਲ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਵਿਦਿਆਰਥੀਆਂ ਦਾ ਇਸ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ।

## ਕਾਲਜ-ਕੌਂਸਲ

ਕਾਲਜ ਵਿੱਚ ਅਕਾਦਮਿਕ ਅਤੇ ਅਨੁਸ਼ਾਸ਼ਨ ਸਬੰਧੀ ਮਸਲਿਆਂ ਤੇ ਵਿਚਾਰ ਕਰਨ ਅਤੇ ਨੀਤੀ ਨਿਰਧਾਰਨ ਲਈ ਕਾਲਜ ਕੌਂਸਲ ਹੈ, ਜਿਸ ਵਿੱਚ ਪ੍ਰਿੰਸੀਪਲ ਅਤੇ ਪੰਜ ਸੀਨੀਅਰ ਸਟਾਫ਼ ਮੈਂਬਰ ਸ਼ਾਮਲ ਹਨ। ਇਸ ਕੌਂਸਲ ਦਾ ਹਰ ਫੈਸਲਾ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਅੰਤਿਮ ਅਤੇ ਪੱਕਾ ਹੋਵੇਗਾ।

## ਐਲੂਮਨੀ ਐਸੋਸੀਏਸ਼ਨ

ਕਾਲਜ ਵਿੱਚ ਸਾਬਕਾ ਵਿਦਿਆਰਥੀਆਂ ਦੀ ਇੱਕ ਐਸੋਸੀਏਸ਼ਨ ਹੈ ਜੋ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਦੀ ਹੈ ਲੋੜਵੰਦ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਮਾਇਕ ਸਹਾਇਤਾ, ਕਿਤਾਬਾਂ, ਵਰਦੀਆਂ ਤੇ ਵਜੀਫ਼ੇ ਦੀ ਸਹੂਲਤ ਦਿੰਦੀ ਹੈ।

## ਸਾਹਿਤ ਸਭਾਵਾਂ

ਪੰਜਾਬੀ, ਹਿੰਦੀ, ਅੰਗਰੇਜ਼ੀ, ਭੂਗੋਲ, ਅਰਥਸ਼ਾਸ਼ਤਰ ਅਤੇ ਸਾਇੰਸ ਦੇ ਵਿਸ਼ਿਆ ਨਾਲ ਸਬੰਧਤ ਸਭਾਵਾਂ ਕਾਲਜ ਵਿੱਚ ਕਿਰਿਆਸ਼ੀਲ ਹਨ, ਜਿਹੜੀਆ ਕਿ ਵਿਦਿਆਰਥੀਆਂ ਵਿੱਚ ਛੁੱਪੀ ਪ੍ਰਤਿਭਾ ਨੂੰ ਰੂਪਮਾਨ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੀਆ ਹਨ।

## ਕਾਲਜ ਮੈਗਜ਼ੀਨ "ਗੁਰਦਾਸ"

ਵਿਦਿਆਰਥੀਆਂ ਵਿੱਚ ਰਚਨਾਤਮਕ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ "ਗੁਰਦਾਸ" ਨਾਮ ਹੇਠ ਮੈਗਜ਼ੀਨ ਪ੍ਰਕਾਸ਼ਤ ਕੀਤਾ ਜਾਂਦਾ ਹੈ। ਜਿਸ ਵਿਚ ਪਲੈਨਿੰਗ ਫੋਰਮ ਸਮੇਤ ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਸਾਇੰਸ ਸੈਕਸ਼ਨ ਹੁੰਦੇ ਹਨ। ਹਰ ਸੈਕਸ਼ਨ ਦਾ ਕੰਮ ਇੱਕ ਪ੍ਰੋਫੈਸਰ ਸੰਪਾਦਕ ਦੇਖਦਾ ਹੈ, ਜੋ ਆਪਣੀ ਸਹਾਇਤਾ ਲਈ ਲਿਖਤੀ ਟੈਸਟ ਰਾਹੀ ਵਿਦਿਅਕ ਸੰਪਾਦਕ ਦੀ ਚੋਣ ਕਰਦਾ ਹੈ। ਸੱਮੁਚੇ ਤੌਰ 'ਤੇ ਮੁੱਖ ਸੰਪਾਦਕ ਮੈਗਜ਼ੀਨ ਦੀ ਤਿਆਰੀ ਲਈ ਸੇਧ ਦਿੰਦਾ ਹੈ।

## SCHOLARSHIPS

1. Post Matric Scholarship to the students belonging to scheduled castes, scheduled Tribes & Backward Classess.
2. C.M. Scholarship for all students.
3. Post Matric Scholarships for minority community students.
4. Merit cum Means based Scholarship for minority community students.

**ਨੋਟ :** * ਇਹ ਸਕਾਲਰਸ਼ਿਪ ਭਰਨ ਦੀ ਨਿੱਜੀ ਜ਼ਿੰਮੇਵਾਰੀ ਵਿਦਿਆਰਥੀਆਂ ਦੀ ਆਪਣੀ ਹੋਵੇਗੀ ਅਤੇ ਇਸ ਨਾਲ ਸਬੰਧਤ ਲੋੜੀਂਦੇ ਕਾਗਜਾਤ ਕਾਲਜ ਵਿਚ ਟਾਇਮ ਨਾਲ ਜਮ੍ਹਾਂ ਕਰਨੇ ਪੈਣਗੇ।

* ਉਪਰੋਕਤ ਸਾਰੇ ਵਜੀਫਿਆ ਸਬੰਧੀ ਹਦਾਇਤਾਂ ਅਤੇ ਸਰਕਾਰੀ ਸ਼ਰਤਾਂ ਵਜੀਫੇ ਦੇ ਫਾਰਮ ਭਰਾਉਣ ਸਮੇਂ ਦੱਸੀਆਂ ਜਾਣਗੀਆਂ ਅਤੇ ਦਸਤਵੇਜ ਮੁਕੰਮਲ ਹੋਣ ਉਪਰੰਤ ਨਿਯਮਾਂ ਅਨੁਸਾਰ ਇਹ ਵਜੀਫੇ ਦਿਤੇ ਜਾਣਗੇ। ਵਿਦਿਆਰਥੀ ਇਸ ਮੰਤਵ ਲਈ ਆਪਣੇ ਅਧਾਰ ਕਾਰਡ ਅਤੇ ਬੈਂਕ ਖਾਤੇ ਦੀ ਫੋਟੋ ਕਾਪੀ ਤਿਆਰ ਰੱਖਣ। ਇਸ ਤੋਂ ਇਲਾਵਾ ਕਾਲਜ ਆਪਣੇ ਪੱਧਰ ਉਤੇ ਸਟੂਡੈਂਟ ਏਡ ਫੰਡ ਅਤੇ ਰੈਡ ਕਰਾਸ ਫੰਡ ਰਾਹੀ ਗਰੀਬ ਵਿਦਿਆਰਥੀਆਂ ਦੀ ਆਰਥਿਕ ਅਤੇ ਮੁਫ਼ਤ ਪੁਸਤਕਾਂ ਦੇ ਰੂਪ ਵਿੱਚ ਸਹਾਇਤਾ ਕਰਦਾ ਹੈ।

## ਲਾਇਬ੍ਰੇਰੀ

ਇਸ ਕਾਲਜ ਦੀ ਲਾਇਬ੍ਰੇਰੀ ਵਿੱਚ ਹਰ ਵਿਸ਼ੇ ਦੀਆਂ ਸਾਰੀਆਂ ਪੁਸਤਕਾਂ ਹਨ। ਰੀਡਿੰਗ ਰੂਮ ਵਿੱਚ ਦੈਨਿਕ ਅਖ਼ਬਾਰ ਅਤੇ ਰਸਾਲੇ ਆਉਂਦੇ ਹਨ। ਲੜਕੇ ਅਤੇ ਲੜਕੀਆਂ ਲਈ ਅਲੱਗ ਅਲੱਗ ਰੂਮ ਦੀ ਵਿਵਸਥਾ ਹੈ। ਲਾਇਬ੍ਰੇਰੀ ਸਬੰਧੀ ਵਿਸ਼ੇਸ਼ ਹਦਾਇਤਾਂ/ਨਿਯਮ ਹੇਠ ਲਿਖੇ ਅਨੁਸਾਰ ਹਨ–

1. ਵੱਖ ਵੱਖ ਕਲਾਸਾਂ ਲਈ ਲਾਇਬ੍ਰੇਰੀ ਵਿਚੋ ਕਿਤਾਬ ਕਢਵਾਉਣ ਦੀ ਗਿਣਤੀ :-
   (i) ਡਿਗਰੀ ਕਲਾਸਾਂ 3 ਕਿਤਾਬਾਂ
   (ii) ਐਮ.ਏ. 4 ਕਿਤਾਬਾਂ
2. ਹਰ ਵਿਦਿਆਰਥੀ 14 ਦਿਨਾਂ ਲਈ ਕਿਤਾਬਾਂ ਰੱਖ ਸਕਦਾ ਹੈ। ਵਾਪਸੀ ਵਿਚ ਦੇਰੀ ਕਰਕੇ ਜ਼ੁਰਮਾਨਾ 50 ਪੈਸੇ ਪ੍ਰਤੀ ਪੁਸਤਕ ਦਿਨ ਦੇ ਹਿਸਾਬ ਨਾਲ ਲਿਆ ਜਾਵੇਗਾ। ਇਸ ਵਿੱਚ ਲੰਮੀਆਂ ਛੁੱਟੀਆਂ ਨੂੰ ਛੱਡ ਕੇ ਐਤਵਾਰ ਅਤੇ ਛੁੱਟੀਆਂ ਦਾ ਜ਼ੁਰਮਾਨਾ ਲਿਆ ਜਾਵੇਗਾ।
3. ਜੇਕਰ ਕੋਈ ਵਿਅਕਤੀ ਕਿਤਾਬ ਤੇ ਕੁੱਝ ਲਿਖਦਾ ਹੈ ਜਾਂ ਕਿਸੇ ਤਰ੍ਹਾਂ ਖਰਾਬ ਕਰਦਾ ਹੈ, ਤਾਂ ਉਸਨੂੰ ਉਸ ਕਿਤਾਬ ਦੀ ਕੀਮਤ ਦੇਣੀ ਪਵੇਗੀ।
4. ਵਿਸ਼ੇਸ਼ ਰੂਪ ਵਿੱਚ ਰਾਖਵੀਆਂ ਪੁਸਤਕਾਂ ਲਾਬ੍ਰਿਰੇਰੀ ਤੋਂ ਬਾਹਰ ਨਹੀਂ ਜਾਣਗੀਆਂ।
5. ਲਾਇਬ੍ਰੇਰੀਅਨ ਸਾਹਿਬ ਵਲੋਂ ਸੂਚਨਾ ਮਿਲਣ ਤੇ ਪੁਸਤਕਾਂ ਤੁਰੰਤ ਵਾਪਸ ਕਰਨੀਆਂ ਹੋਣਗੀਆਂ।
6. ਕਿਤਾਬ ਗੁਆਚਣ ਦੀ ਸੂਰਤ ਵਿੱਚ ਅਗਰ ਮਾਰਕੀਟ ਵਿਚੋਂ ਕਿਤਾਬ ਨਾ ਮਿਲਦੀ ਹੋਵੇ ਤਾਂ ਪ੍ਰਿੰਸੀਪਲ ਸਾਹਿਬ ਕੀਮਤ ਤੋਂ ਇਲਾਵਾ ਜੁਰਮਾਨਾ ਵੀ ਪਾ ਸਕਦੇ ਹਨ।

## ਬੁੱਕ ਬੈਂਕ

ਲੋੜਵੰਦ ਵਿਦਿਆਰਥੀਆਂ ਨੂੰ ਸਾਲ ਭਰ ਲਈ ਬੁੱਕ ਬੈਂਕ ਵਿਚੋਂ ਪੁਸਤਕਾਂ ਦਿਤੀਆ ਜਾਂਦੀਆਂ ਹਨ। ਪੁਸਤਕਾਂ ਲੈਣ ਲਈ ਅਰਜ਼ੀ ਨਿਸ਼ਚਿਤ ਫਾਰਮ ਉਤੇ ਜਿਹੜਾ ਲਾਇਬ੍ਰੇਰੀ ਵਿਚੋਂ ਲਿਆ ਜਾ ਸਕਦਾ ਹੈ, ਅਕਾਦਮਿਕ ਵਰ੍ਹੇ ਦੇ ਸ਼ੁਰੂ ਵਿੱਚ ਲਾਇਬ੍ਰੇਰੀ ਵਿਚ ਦੇ ਦੇਣੀ ਚਾਹੀਦੀ ਹੈ। ਬੁੱਕ ਬੈਂਕ ਵਿਚੋਂ ਲਈਆਂ ਪੁਸਤਕਾਂ ਸਲਾਨਾ ਪ੍ਰੀਖਿਆ ਤੋਂ ਬਾਅਦ ਵਾਪਸ ਕਰਨੀਆਂ ਜ਼ਰੂਰੀ ਹਨ। ਇਹ ਬੁੱਕ ਬੈਂਕ ਰੂਸਾ ਸਕੀਮ ਦੇ ਕੰਪੋਨੈਂਟ ਇਕਵਿਟੀ ਅਧੀਨ ਸ਼ੁਰੂ ਕੀਤਾ ਗਿਆ ਹੈ। ਬੁੱਕ ਬੈਂਕ ਨਾਲ ਸਬੰਧਤ ਕਿਸੇ ਕਿਸਮ ਦੀ ਜਾਣਕਾਰੀ ਲਈ ਵਿਦਿਆਰਥੀ ਬੁੱਕ ਬੈਂਕ ਦੇ ਇੰਚਾਰਜ਼ ਨਾਲ ਸੰਪਰਕ ਕਰ ਸਕਦੇ ਹਨ।

## ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈਲ

ਵਿਦਿਆਰਥੀਆਂ ਦੀ ਰਹਿਨੁਮਾਈ ਕਰਨ ਲਈ ਕਾਲਜ ਵਿਚ ਇਹ ਸੈਲ ਸਥਾਪਿਤ ਕੀਤਾ ਗਿਆ ਹੈ। ਇਸ ਵਿਚ ਯੋਗ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਉਹਨਾਂ ਦੀ ਰੁਚੀ ਅਤੇ ਸਮਰਥਾ ਅਨੁਸਾਰ ਵੱਖ ਵੱਖ ਅਦਾਰਿਆਂ ਵਿੱਚ ਉਪਲੱਬਧ ਨੌਕਰੀਆਂ ਬਾਰੇ ਜਾਣਕਾਰੀ ਦਿਤੀ ਜਾਂਦੀ ਹੈ। ਵੱਖ ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਇਸ ਸੈਲ ਵਿੱਚ ਕਈ ਤਰ੍ਹਾਂ ਦੇ ਰਸਾਲੇ ਅਤੇ ਕਿਤਾਬਾਂ ਉਪਲਬੱਧ ਹਨ ਤਾਂ ਜੋ ਵਿਦਿਆਰਥੀਆਂ ਦੇ ਅੰਦਰ ਉਹਨਾਂ ਦੀ ਰੁਚੀ ਅਨੁਸਾਰ ਲੋੜੀਂਦੀ ਨਿੰਪੁਨਤਾ ਪੈਦਾ ਕੀਤੀ ਜਾ ਸਕੇ।

## ਕਾਲਜ ਕੰਟੀਨ

ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਕੰਟੀਨ ਦਾ ਪ੍ਰਬੰਧ ਹੈ। ਜਿਸ ਵਿਚ ਉਚਿਤ ਰੇਟਾਂ ਤੇ ਖਾਣ ਪੀਣ ਦੀਆਂ ਵਸਤੂਆਂ ਉਪਲੱਬਧ ਹਨ। ਕੰਟੀਨ ਨੂੰ ਸਾਫ ਸੁਥਰਾ ਰੱਖਣਾ, ਸ਼ੋਰ ਨਾ ਕਰਨਾ, ਉਚਿਤ ਢੰਗ ਨਾਲ ਬੈਠਣਾ, ਲੜਾਈ ਝਗੜਾ ਨਾ ਕਰਨਾ ਵਿਦਿਆਰਥੀਆਂ ਦੇ ਆਪਣੇ ਹਿੱਤ ਵਿਚ ਹੈ। ਅਜਿਹਾ ਨਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

## ਸਾਈਕਲ ਸਟੈਂਡ

ਲੜਕੇ ਅਤੇ ਲੜਕੀਆਂ ਵਾਸਤੇ ਅਲੱਗ ਅਲੱਗ ਸਾਈਕਲ ਸਟੈਂਡ ਹਨ। ਨਿਸ਼ਚਿਤ ਫੀਸ ਕਾਲਜ ਦਫਤਰ ਵਿੱਚ ਜਮ੍ਹਾਂ ਕਰਵਾਉਣੀ ਵਿਦਿਆਰਥੀ ਦੀ ਆਪਣੀ ਜ਼ਿਮੇਵਾਰੀ ਹੋਵੇਗੀ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵਿਸ਼ੇਸ਼ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਨੂੰ ਕਾਰ/ਜਿਪਸੀ ਆਦਿ ਚਾਰ ਪਹੀਆ ਵਾਹਨ ਲਿਆਉਣ ਦੀ ਸਖਤ ਮਨਾਹੀ ਹੈ।

## ਰੈਡਕਰਾਸ ਯੂਨਿਟ

ਕਾਲਜ ਵਿੱਚ ਰੈਡਕਰਾਸ ਯੂਨਿਟ ਕਾਇਮ ਕੀਤਾ ਗਿਆ ਹੈ। ਚਾਹਵਾਨ ਲੜਕੇ ਅਤੇ ਲੜਕੀਆਂ ਨੂੰ ਫਸਟ ਏਡ ਹੋਮ ਨਰਸਿੰਗ ਦੀ ਟ੍ਰੇਨਿੰਗ ਦਿਤੀ ਜਾਂਦੀ ਹੈ। ਯੋਗ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਰੈਡ ਕਰਾਸ ਫੰਡ ਵਿਚੋਂ ਆਰਥਿਕ ਸਹਾਇਤਾ ਦਿਤੀ ਜਾਂਦੀ ਹੈ।

## ਖੇਡਾਂ

ਕਾਲਜ ਵਿੱਚ ਹਾਕੀ, ਫੁੱਟਬਾਲ, ਬਾਸਕਟਬਾਲ, ਬੈਡਮਿੰਟਨ, ਕ੍ਰਿਕਟ, ਖੋ-ਖੋ ਆਦਿ ਖੇਡਾਂ ਲਈ ਯੋਗ ਪ੍ਰਬੰਧ ਹੈ। ਇਸ ਉਦੇਸ਼ ਲਈ ਢੁੱਕਵੇਂ ਖੇਡ ਮੈਦਾਨ ਵੀ ਹਨ। ਐਥਲੈਟਿਕ ਲਈ ਇਕ ਖੂਬਸੂਰਤ ਸਟੇਡੀਅਮ ਹੈ। ਯੋਗ ਅਗਵਾਈ ਲਈ ਲੜਕੇ ਅਤੇ ਲੜਕੀਆਂ ਦੋਵੇਂ ਸਰੀਰਕ ਸਿਖਿਆ ਵਿਭਾਗ ਦੇ ਮੁਖੀ ਅਤੇ ਉਹਨਾਂ ਦੇ ਸਹਿਯੋਗੀਆਂ ਨਾਲ ਸੰਪਰਕ ਕਰ ਸਕਦੇ ਹਨ।

## ਹੈਲਥ ਕਲੱਬ

ਕਾਲਜ ਵਿਖੇ ਆਧੁਨਿਕ ਯੰਤਰਾਂ ਨਾਲ ਸੁਸ਼ੋਭਿਤ ਹੈਲਥ ਕਲੱਬ ਹੈ। ਇਸ ਸੁਵਿਧਾ ਦਾ ਵਿਦਿਆਰਥੀ ਲਾਭ ਉਠਾ ਕੇ ਆਪਣੀ ਸਰੀਰਕ ਤੰਦਰੁਸਤੀ ਨੂੰ ਕਾਇਮ ਰੱਖ ਸਕਦੇ ਹਨ।

## ਵੂਮੈਨ ਸੈੱਲ

ਕਾਲਜ ਵਿੱਚ ਵੂਮੈਨ ਸੈਲ ਉਪਲਬੱਧ ਹੈ। ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਪੈਣ ਤੇ ਵਿਦਿਆਰਥਣਾਂ ਇਸ ਸੈਲ ਦੀ ਮਦਦ ਲੈ ਸਕਦੀਆਂ ਹਨ।

## ਮਾਰਨਿੰਗ ਅਸੈਂਬਲੀ

ਵਿਸ਼ੇਸ਼ ਸੂਚਨਾ ਦੇਣ ਜਾਂ ਮਹੱਤਵਪੂਰਣ ਜਾਣਕਾਰੀ ਸਾਂਝੀ ਕਰਨ ਲਈ ਅਤੇ ਰਹਿਨੁਮਾਈ ਕਰਨ ਲਈ ਹਰ ਮਹੀਨੇ ਇਕ ਵਾਰ ਵਿਦਿਆਰਥੀਆਂ ਦੀ ਅਸੈਂਬਲੀ ਕੀਤੀ ਜਾਂਦੀ ਹੈ।

## ਰੈੱਡ ਰਿੱਬਨ ਕਲੱਬ

ਵਿਦਿਆਰਥੀਆਂ ਨੂੰ ਸਿਹਤ ਨਾਲ ਸਬੰਧਤ ਅਲਾਮਤਾਂ ਜਿਵੇਂ ਏਡਜ਼ ਆਦਿ ਬਾਰੇ ਜਾਗਰੂਕ ਕਰਨ ਲਈ ਕਾਲਜ ਵਿੱਚ ਰੈਡ ਰਿੱਬਨ ਕਲੱਬ ਸਰਗਰਮ ਹੈ। ਕਲੱਬ ਵਲੋਂ ਸਮੇਂ ਸਮੇਂ ਤੇ ਖੂਨਦਾਨ ਕੈਂਪ ਵੀ ਲਗਾਏ ਜਾਂਦੇ ਹਨ। ਵਿਦਿਆਰਥੀ ਇਸ ਕਲੱਬ ਦੇ ਮੈਂਬਰ ਬਣ ਕੇ ਸਮਾਜ ਭਲਾਈ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ।

## ਈਕੋ ਕਲੱਬ

ਕਾਲਜ ਵਿੱਚ ਵਾਤਾਵਰਣ ਦੀ ਸੰਭਾਲ ਕਰਨ ਲਈ ਅਤੇ ਇਸ ਨੂੰ ਸੁੰਦਰ ਬਣਾਉਣ ਲਈ ਇਕ ਈਕੋ ਕਲੱਬ ਹੈ। ਵਿਦਿਆਰਥੀ ਇਸ ਕਲੱਬ ਦੇ ਮੈਂਬਰ ਬਣ ਕੇ ਆਪਣਾ ਯੋਗਦਾਨ ਪਾ ਸਕਦੇ ਹਨ।

## ਐੱਨ.ਸੀ.ਸੀ.

ਲੜਕੇ ਅਤੇ ਲੜਕੀਆਂ ਦੀ ਐਨ. ਸੀ. ਸੀ. ਦੇ ਇੰਚਾਰਜ ਪ੍ਰੋ. ਗੁਰਦੀਪ ਸਿੰਘ ਹਨ। ਐਨ ਸੀ ਸੀ ਰੱਖਣ ਦੇ ਚਾਹਵਾਨ ਵਿਦਿਆਰਥੀ ਉਹਨਾਂ ਨਾਲ ਸੰਪਰਕ ਕਾਇਮ ਕਰ ਸਕਦੇ ਹਨ।

## ਐੱਨ.ਐੱਸ.ਐੱਸ.

ਵਿਦਿਆਰਥੀਆਂ ਵਿੱਚ ਸਮਾਜ ਸੇਵਾ ਅਤੇ ਕੌਮੀ ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਵਿੱਚ ਐੱਨ. ਐੱਸ. ਐੱਸ. ਦੇ ਤਿੰਨ ਯੂਨਿਟ ਕਾਇਮ ਕੀਤੇ ਗਏ ਹਨ। ਚਾਹਵਾਨ ਲੜਕੇ ਅਤੇ ਲੜਕੀਆਂ ਯੂਨਿਟ ਇੰਚਾਰਜ ਪ੍ਰੋ. ਬਲਜੀਤ ਸਿੰਘ, ਪ੍ਰੋ. ਜੋਗਾ ਸਿੰਘ ਅਤੇ ਡਾ. ਮਨਜੀਤ ਕੌਰ ਨਾਲ ਸੰਪਰਕ ਕਰ ਸਕਦੇ ਹਨ।

### ਸਭਿਆਚਾਰਕ ਸਰਗਰਮੀਆਂ ਅਤੇ ਯੁਵਕ ਭਲਾਈ

1. ਵਿਦਿਆਰਥੀਆਂ ਅੰਦਰ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਪੈਦਾ ਕਰਨ ਹਿੱਤ ਕਾਲਜ ਵਿੱਚ ਯੁਵਕ ਭਲਾਈ ਵਿਭਾਗ ਸਰਗਰਮ ਹੈ।
2. ਇਸ ਦੀ ਨਿਗਰਾਨੀ ਹੇਠ ਵਿਦਿਆਰਥੀ ਹੇਠ ਲਿਖੀਆਂ ਗਤੀ ਵਿਧੀਆਂ ਵਿੱਚ ਭਾਗ ਲੈ ਸਕਦੇ ਹਨ
   - (ੳ) ਭਿੰਨ ਭਿੰਨ ਖੇਤਰਾਂ ਵਿੱਚ ਅੰਤਰ ਕਾਲਜ ਮੁਕਾਬਲੇ
   - (ਅ) ਯੂਨੀਵਰਸਿਟੀ ਅਤੇ ਸਿਖਿਆ ਵਿਭਾਗ ਵਲੋਂ ਕਰਵਾਏ ਜਾਣ ਵਾਲੇ ਯੁਵਕ ਮੇਲੇ
   - (ੲ) ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ
   - (ਸ) ਹਾਈਕਿੰਗ, ਟਰੈਕਿੰਗ ਕੈਂਪ
3. ਉਪਰੋਕਤ ਗਤੀਵਿਧੀਆਂ ਦੇ ਜੇਤੂ ਵਿਦਿਆਰਥੀਆਂ ਨੂੰ ਵੱਖ ਵੱਖ ਵਿਦਿਅਕ ਸੰਸਥਾਵਾਂ ਵਿੱਚ ਦਾਖਲੇ ਅਤੇ ਨੌਕਰੀ ਸਮੇਂ ਲਾਭ ਮਿਲਦਾ ਹੈ।
4. ਇਸ ਵਿਭਾਗ ਵਲੋਂ ਵਿਦਿਅਕ ਟੂਰ ਵੀ ਲਾਏ ਜਾਂਦੇ ਹਨ।
5. ਹਰ ਸਾਲ ਸਭਿਆਚਾਰ ਖੇਤਰ ਦੇ ਪ੍ਰਤਿਭਾਵਾਨ 4 ਵਿਦਿਆਰਥੀਆਂ ਨੂੰ 200/- ਪ੍ਰਤੀ ਮਹੀਨਾ ਪੂਰੇ ਸਾਲ ਲਈ ਵਜ਼ੀਫਾ ਦਿਤਾ ਜਾਂਦਾ ਹੈ।

## ਸ਼ਨਾਖਤੀ ਕਾਰਡ

1. ਕਾਲਜ ਵਿੱਚ ਹਰ ਵਿਦਿਆਰਥੀ ਨੂੰ ਫੋਟੋ ਲਗਿਆ ਸ਼ਨਾਖਤੀ ਕਾਰਡ ਦਿਤਾ ਜਾਂਦਾ ਹੈ।
2. ਵਿਦਿਆਰਥੀ ਸ਼ਨਾਖਤੀ ਕਾਰਡ ਨਾਲ ਹੀ ਕਾਲਜ ਕੈਂਪਸ ਵਿੱਚ ਦਾਖਲ ਹੋ ਸਕਦੇ ਹਨ।
3. ਕਾਲਜ ਸਟਾਫ ਦਾ ਕੋਈ ਵੀ ਮੈਂਬਰ ਵਿਦਿਆਰਥੀਆਂ ਨੂੰ ਕਿਸੇ ਵੀ ਸਮੇਂ ਸ਼ਨਾਖਤੀ ਕਾਰਡ ਦਿਖਾਉਣ ਲਈ ਕਹਿ ਸਕਦਾ ਹੈ।
4. ਸ਼ਨਾਖਤੀ ਕਾਰਡ ਦੀ ਅਣਹੋਂਦ ਕਾਰਨ ਵਿਦਿਆਰਥੀ ਦੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।
5. ਡੁਪਲੀਕੇਟ ਸ਼ਨਾਖਤੀ ਕਾਰਡ, ਪਹਿਲਾ ਕਾਰਡ ਗੁੰਮ ਹੋਣ ਦੀ ਐਫ ਆਈ ਆਰ ਪੁਲਿਸ ਸਟੇਸ਼ਨ ਵਿੱਚ ਦਰਜ ਕਰਾਉਣ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਇਸ ਲਈ ਵਿਸ਼ੇਸ਼ ਫੀਸ 100/- ਲਈ ਜਾਵੇਗੀ।

## ਛੁੱਟੀਆਂ ਬਾਰੇ ਨਿਯਮ

1. ਤਿੰਨ ਦਿਨ ਤੱਕ ਦੀ ਛੁੱਟੀ ਦੀ ਮਨਜ਼ੂਰੀ ਟਿਊਟਰ ਤੋਂ, ਚਾਰ ਤੋਂ ਸੱਤ ਦਿਨ ਲਈ ਸੀਨੀਅਰ-ਟਿਊਟਰ ਤੋਂ ਅਤੇ ਇਸ ਤੋਂ ਵੱਧ ਦਿਨਾਂ ਲਈ ਜਾਂ ਕਾਲਜ ਦੀਆਂ ਪ੍ਰੀਖਿਆਵਾਂ ਲਈ, ਪ੍ਰਿੰਸੀਪਲ ਸਾਹਿਬ ਤੋਂ ਸਿੱਧੀ ਲੈਣੀ ਹੋਵੇਗੀ।
2. ਬਿਮਾਰੀ ਦੀ ਹਾਲਤ ਵਿੱਚ ਸੱਤ ਦਿਨਾਂ ਤੋਂ ਵੱਧ ਛੁੱਟੀ ਲੈਣ ਲਈ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦਾ ਸਰਟੀਫਿਕੇਟ ਸਮੇਂ ਸਿਰ ਅਰਜ਼ੀ ਨਾਲ ਦੇਣਾ ਜ਼ਰੂਰੀ ਹੈ। ਬਾਅਦ ਵਿੱਚ ਦਿਤਾ ਹੋਇਆ ਸਰਟੀਫਿਕੇਟ ਪ੍ਰਵਾਨ ਨਹੀਂ ਕੀਤਾ ਜਾਵੇਗਾ।
3. ਕਾਲਜ ਵਿਚ ਛੁੱਟੀਆਂ ਸਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਜਾਰੀ ਕੀਤਾ ਕੈਲੰਡਰ ਲਾਗੂ ਹੁੰਦਾ ਹੈ।

## ਕਾਲਜ ਇਨਾਮ

### ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ

ਵਿਦਿਆਰਥੀਆਂ ਨੂੰ ਅਕਾਦਮਿਕ, ਖੇਡਾਂ, ਐਨ.ਸੀ.ਸੀ. ਸਭਿਆਚਾਰਕ ਸਰਗਰਮੀਆਂ ਵਰਗੇ ਖੇਤਰਾਂ ਵਿੱਚ ਪ੍ਰਤਿਸ਼ਠਾ ਪ੍ਰਾਪਤ ਕਰਨ ਉਤੇ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਦਿਤੇ ਜਾਂਦੇ ਹਨ। ਹਰ ਕਿਸਮ ਦੇ ਸਨਮਾਨ ਲਈ ਕਾਲਜ ਕੌਂਸਲ ਦੀ ਪ੍ਰਵਾਨਗੀ ਜ਼ਰੂਰੀ ਹੈ। ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੇ ਨਿਯਮਾਂ ਲਈ ਸੋਧ/ਤਬਦੀਲੀ ਕਰਨ ਦਾ ਕਾਲਜ ਕੌਂਸਲ ਨੂੰ ਪੂਰਨ ਅਧਿਕਾਰ ਹੈ।

## A. ਅਕਾਦਮਿਕ ਇਨਾਮ

### (I) ਘਰੇਲੂ ਪ੍ਰੀਖਿਆਵਾਂ ਦੇ ਅਧਾਰ ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ

(ੳ) ਹਰ ਸ਼੍ਰੇਣੀ ਵਿਚ ਸਾਰੇ ਮਜ਼ਮੂਨਾਂ ਦੇ ਨੰਬਰ ਰਲਾ ਕੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਸਭ ਵਿਦਿਆਰਥੀਆਂ ਨੂੰ ਇਨਾਮ ਦਿਤੇ ਜਾਣਗੇ।

(ਅ) ਹਰ ਵਿਸ਼ੇ ਵਿਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਇਨਾਮ ਦੇ ਹੱਕਦਾਰ ਹੋਣਗੇ। ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੇ ਅੰਕ ਘਟੋ ਘੱਟ 50% ਹੋਣੇ ਚਾਹੀਦੇ ਹਨ।

(ੲ) ਇਕ ਵਿਸ਼ੇ ਵਿਚ ਦੋ ਜਾਂ ਦੋ ਤੋਂ ਵੱਧ ਵਿਦਿਆਰਥੀਆਂ ਦੇ ਬਰਾਬਰ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਵੀ ਇਨਾਮ ਦਿਤਾ ਜਾਵੇਗਾ।

(ਸ) ਕਿਸੇ ਮਜ਼ਬੂਨ ਵਿੱਚ ਫੇਲ੍ਹ ਵਿਦਿਆਰਥੀ ਨੂੰ ਕੋਈ ਇਨਾਮ ਨਹੀਂ ਦਿਤਾ ਜਾਵੇਗਾ।

(ਹ) ਜੇ ਕਿਸੇ ਵਿਸ਼ੇ ਵਿੱਚ 10 ਜਾਂ 10 ਤੋਂ ਘੱਟ ਵਿਦਿਆਰਥੀ ਇਮਤਿਹਾਨ ਵਿੱਚ ਬੈਠਦੇ ਹਨ ਤਾਂ ਇਕ ਇਨਾਮ ਮਿਲੇਗਾ।

(ਕ) ਜੇ ਕਿਸੇ ਵਿਸ਼ੇ ਵਿਚ ਇਕ ਹੀ ਵਿਦਿਆਰਥੀ ਇਮਤਿਹਾਨ ਦਿੰਦਾ ਹੈ ਤਾਂ ਕੋਈ ਵੀ ਇਨਾਮ ਨਹੀਂ ਮਿਲੇਗਾ।

(ਖ) ਐਗਰੀਗੇਟ ਵਿਚ ਇਨਾਮ/ਯੂਨੀਵਰਸਿਟੀ ਦੀ ਫੈਕਲਟੀਜ਼ ਅਨੁਸਾਰ ਹੋਵੇਗਾ।

### (II) ਯੂਨੀਵਰਸਿਟੀ ਪ੍ਰੀਖਿਆਵਾਂ ਦੇ ਆਧਾਰ ਤੇ ਇਨਾਮ ਪ੍ਰਾਪਤ ਕਰਨ ਦੇ ਨਿਯਮ।

#### ਰੋਲ ਆਫ ਆਨਰ

1. ਜਿਹੜਾ ਵਿਦਿਆਰਥੀ ਇਮਤਿਹਾਨਾਂ ਵਿਚ ਪਹਿਲੇ ਪੰਜ ਸਥਾਨਾਂ ਵਿਚ ਸਥਾਨ ਪ੍ਰਾਪਤ ਕਰਨਗੇ ਉਸ ਦਾ ਨਾਮ ਰੋਲ ਆਫ ਆਨਰ ਵਿਚ ਦਰਜ ਕੀਤਾ ਜਾਵੇਗਾ।
2. ਬੀ.ਏ. ਅਨਾਰਜ਼ ਜਮਾਤ ਵਿਚ ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਕ ਕਾਲਜ ਕਲਰ ਦਿਤਾ ਜਾਵੇਗਾ।

## B. ਖੇਡਾਂ ਦੇ ਇਨਾਮ

1. ਸਰਬ ਹਿੰਦ/ਅੰਤਰ ਯੂਨੀਵਰਸਿਟੀ / ਕੌਮੀ/ਅੰਤਰ ਸਟੇਟ ਮੁਕਾਬਲਿਆਂ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਯੂਨੀਵਰਸਿਟੀ/ਸਟੇਟ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।

#### ਕਾਲਜ ਕਲਰ

1. ਕੌਮੀ/ਸੰਯੁਕਤ ਯੂਨੀਵਰਸਿਟੀ ਟੀਮ ਦੇ ਮੈਂਬਰ ਨੂੰ।
2. ਸਟੇਟ/ਯੂਨੀਵਰਸਿਟੀ ਟੀਮ ਦੇ ਮੈਂਬਰ ਨੂੰ
3. ਕਾਲਜ ਦੇ ਬੈਸਟ ਅਥਲੀਟ ਇਕ ਲੜਕਾ ਅਤੇ ਇਕ ਲੜਕੀ ਨੂੰ।
4. ਯੂਨੀਵਰਸਿਟੀ ਦੇ ਚੈਂਪੀਅਨਸ਼ਿਪ ਵਿੱਚ ਵਿਅਕਤੀਗਤ ਮੁਕਾਬਲਿਆਂ ਵਿੱਚ ਜਿਵੇਂ ਮੁੱਕੇਬਾਜ, ਕੁਸ਼ਤੀ, ਸਰਵੋਤਮ, ਫਿਜ਼ਿਕ, ਵੇਟ ਲਿਫਟਿੰਗ, ਤੈਰਾਕੀ, ਨਿਸ਼ਾਨੇਬਾਜੀ, ਆਦਿ ਵਿੱਚ ਪਹਿਲੀਆਂ ਦੋ ਪੁਜੀਸ਼ਨਾਂ ਪ੍ਰਾਪਤ ਕਰਨ ਵਾਲਿਆਂ ਨੂੰ।
5. ਯੂਨੀਵਰਸਿਟੀ ਐਥਲੈਟਿਕ ਮੁਕਾਬਲਿਆਂ ਵਿੱਚ ਪਹਿਲੀਆਂ ਦੋ ਪੁਜੀਸ਼ਨਾਂ ਪ੍ਰਾਪਤ ਕਰਨ ਵਾਲਿਆਂ ਨੂੰ।
6. ਕਾਲਜ ਕਲਰ ਦੇਣ ਲਈ ਟੀਮ ਦੇ ਸਬੰਧ ਵਿੱਚ ਹੇਠ ਲਿਖੀ ਪ੍ਰਤੀਸ਼ਤ ਦਰ ਲਾਗੂ ਹੋਵੇਗੀ–

    (ੳ) ਯੂਨੀਵਰਸਿਟੀ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 100

    (ਅ) ਯੂਨੀਵਰਸਿਟੀ ਵਿਚ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 50

    (ੲ) ਯੂਨੀਵਰਸਿਟੀ ਵਿਚ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 33

**ਨੋਟ:** ਖੇਡਾਂ ਦੇ ਖੇਤਰ ਵਿੱਚ ਕੇਵਲ ਟੀਮ ਦੇ ਅਸਲ ਖੇਡਣ ਵਾਲੇ ਮੈਂਬਰਾਂ ਦੀ ਗਿਣਤੀ ਨੂੰ ਹੀ ਅਧਾਰ ਮੰਨਿਆ ਜਾਵੇਗਾ। ਇਸ ਗਿਣਤੀ ਸਬੰਧੀ ਪ੍ਰਧਾਨ/ਇੰਚਾਰਜ ਦੀ ਤਸਦੀਕ ਨੂੰ ਮੰਨਿਆ ਜਾਵੇਗਾ। ਸਰਵੋਤਮ ਐਥਲੀਟ ਦੇ ਸਥਾਨ ਲਈ ਟਾਈ ਪੈ ਜਾਣ ਦੀ ਹਾਲਤ ਵਿੱਚ ਨਿਰਣਾ ਹੇਠ ਲਿਖੀ ਪ੍ਰਾਥਮਿਕਤਾ ਦੇ ਅਧਾਰ ਤੇ ਕੀਤਾ ਜਾਵੇਗਾ।

1. ਜਿਸ ਖਿਡਾਰੀ ਨੇ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ।
2. ਜਿਸ ਖਿਡਾਰੀ ਨੇ ਵਧੇਰੇ ਗਿਣਤੀ ਵਿਚ ਪਹਿਲੇ ਸਥਾਨ ਪ੍ਰਾਪਤ ਕੀਤੇ ਹਨ।
3. ਜੋ ਖਿਡਾਰੀ ਨੇ ਵਧੇਰੇ ਗਿਣਤੀ ਵਿਚ ਪਹਿਲੇ ਸਥਾਨ ਪ੍ਰਾਪਤ ਕੀਤੇ ਹਨ।
4. ਜੋ ਖਿਡਾਰੀ ਉਮਰ ਵਿੱਚ ਵੱਡਾ ਹੈ ਜਾਂ ਜੋ ਖਿਡਾਰੀ ਸੀਨੀਅਰ ਕਲਾਸ ਦਾ ਵਿਦਿਆਰਥੀ ਹੈ।

## C. ਮੈਰਿਟ ਸਰਟੀਫਿਕੇਟ

1. ਵਾਰਸ਼ਿਕ ਖੇਡ ਮੁਕਾਬਲਿਆਂ ਵਿੱਚ ਘੱਟੋ ਘੱਟ ਤਿੰਨ ਈਵੈਂਟਸ ਵਿੱਚ ਫਸਟ ਆਉਣ ਤੇ ਜਾਂ ਕੁੱਲ 15 ਅੰਕ ਹਾਸਲ ਕਰਨ ਤੇ ਮਿਲਦਾ ਹੈ।

2. ਕਾਲਜ ਟੀਮ ਦਾ ਕੈਪਟਨ ਜੋ ਘੱਟੋ ਘੱਟ ਇਕ ਯੂਨੀਵਰਸਿਟੀ ਮੈਚ ਜਿੱਤੇ, ਪ੍ਰਧਾਨ ਦੀ ਸਿਫਾਰਿਸ਼ ਲਾਜ਼ਮੀ ਹੈ।
3. ਕਾਲਜ ਮੈਗਜੀਨ ਗੁਰਦਾਸ ਦੇ ਸਾਰੇ ਅਨੁਭਾਗਾਂ ਦੇ ਵਿਦਿਆਰਥੀ ਸੰਪਾਦਕਾਂ ਨੂੰ ਮੈਰਿਟ ਸਰਟੀਫਿਕੇਟ ਦਿਤਾ ਜਾਂਦਾ ਹੈ।
4. ਕਿਸੇ ਵੀ ਵਿਦਿਆਰਥੀ ਦੇ ਵਿਸ਼ੇਸ਼ ਯੋਗਦਾਨ ਲਈ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ ਮੈਰਿਟ ਸਰਟੀਫਿਕੇਟ ਦਿਤਾ ਜਾਂਦਾ ਹੈ।

## D. ਐੱਨ.ਸੀ.ਸੀ.

### (ੳ) ਰੋਲ ਆਫ ਆਨਰ

1. ਸਰਬ ਹਿੰਦ/ਅੰਤਰ ਰਾਜ/ਅੰਤਰ ਡਾਇਰੈਕਟੋਰੇਟ ਕੈਂਪ ਆਦਿ ਵਿੱਚ ਸੱਮੁਚੇ ਤੌਰ 'ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਕੈਡਿਟ ਨੂੰ ਜਾਂ ਬੈਸਟ ਕੈਡਿਟ ਜਾਂ ਸੈਕਿੰਡ ਕੈਡਿਟ ਘੋਸ਼ਿਤ ਹੋਣ ਵਾਲੇ ਨੂੰ।
2. ਗਣਤੰਤਰ ਦਿਵਸ ਪ੍ਰੇਡ ਦੇ ਮੌਕੇ ਤੇ ਦਿੱਲੀ ਵਿਖੇ ਸਟੇਟ ਡਾਇਰੈਕਟੋਰੇਟ ਵਲੋਂ ਸ਼ਾਮਲ ਹੋਣ ਵਾਲੇ ਨੂੰ।

### (ਅ) ਕਾਲਜ ਕਲਰ

1. ਐਨ. ਸੀ. ਸੀ. ਬੇਸਿਕ ਲੀਡਰਸ਼ਿਪ ਕੈਂਪ/ਆਰਮੀ ਅਟੈਚਮੈਂਟ ਕੈਂਪ ਦੇ ਬੈਸਟ ਕੈਡਿਟ ਨੂੰ।
2. ਕੰਪਨੀ ਦੇ ਸਾਰਜੰਟ/ਅੰਡਰ ਅਫ਼ਸਰ ਕੇਵਲ ਇੱਕ ਜਿਹੜਾ ਹੇਠ ਲਿਖਿਆ ਵਿਚੋਂ ਕੋਈ ਦੋ ਸ਼ਰਤਾਂ ਪੂਰੀਆਂ ਕਰੇ।
   (ੳ) ਸੀ.ਸਰਟੀਫਿਕੇਟ ਪਾਸ ਕੀਤਾ ਹੋਵੇ ਜਾਂ ਯੋਗ ਮੰਨਿਆ ਹੋਵੇ।
   (ਅ) ਕੰਪਨੀ ਦਾ ਸਰਵੋਤਮ ਨਿਸ਼ਾਨੇਬਾਜ ਹੋਵੇ ਜਾਂ ਯੋਗ ਮੰਨਿਆ ਹੋਵੇ।
   (ੲ) ਪੂਰਵ ਗਣਤੰਤਰ ਦਿਵਸ ਕੈਂਪ ਲਈ ਚੁਣਿਆ ਗਿਆ ਹੋਵੇ
   (ਸ) ਆਰਮੀ ਅਟੈਚਮੈਂਟ ਕੈਂਪ ਲਗਾਇਆ ਹੋਵੇ।
   (ਹ) ਅੰਤਰ ਰਾਜ ਕੌਮੀ ਏਕਤਾ ਕੈਂਪ ਲਗਾਇਆ ਹੋਵੇ।
   (ਕ) ਹਾਈਕਿੰਗ ਟ੍ਰੈਕਿੰਗ ਕੈਂਪ ਲਗਾਇਆ ਹੋਵੇ।
   (ਖ) ਪਰਬਤ ਚੜ੍ਹਨ ਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ।

**ਨੋਟ: ਐੱਨ. ਸੀ. ਸੀ. ਵਿੱਚ ਵੱਧ ਤੋਂ ਵੱਧ ਦੋ ਕਲਰ ਦਿਤੇ ਜਾਣਗੇ।**

## E. ਐੱਨ.ਐੱਸ.ਐੱਸ.

### (ੳ) ਰੋਲ ਆਫ ਆਨਰ

1. ਜਿਹੜਾ ਵਲੰਟੀਅਰ ਅੰਤਰ ਸਟੇਟ/ਸਰਬ ਹਿੰਦ /ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਸਮੁੱਚੇ ਤੌਰ 'ਤੇ ਖੂਨਦਾਨ ਪ੍ਰੋਜੈਕਟ ਵਰਕ, ਡਿਬੇਟ, ਭਾਸ਼ਣ, ਅਨੁਸ਼ਾਸ਼ਨ ਆਦਿ ਨੂੰ ਜੋੜ ਕੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਦਾ ਹੈ ਜਾਂ ਸੱਮੁਚੇ ਤੌਰ 'ਤੇ ਬੈਸਟ ਕੈਂਪਰ /ਸੈਕਿੰਡ ਬੈਸਟ ਕੈਂਪਰ ਐਲਾਨਿਆ ਜਾਂਦਾ ਹੈ।
2. ਯੂਨੀਵਰਸਿਟੀ ਪੱਧਰ ਤੇ ਮੈਡਲ ਜਿਤਣ ਵਾਲੇ ਨੂੰ ਜਿਸ ਨੇ ਐਨ.ਸੀ.ਸੀ. ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਵਿਚ ਉੱਚ ਪ੍ਰਾਪਤੀਆਂ ਕੀਤੀਆ ਹੋਣ।

### (ਅ) ਕਾਲਜ ਕਲਰ

1. ਅੰਤਰ ਰਾਜ/ਅੰਤਰ ਯੂਨੀਵਰਸਿਟੀ/ਸਰਬ ਹਿੰਦ ਕੈਂਪਾਂ/ਮੁਕਾਬਲਿਆਂ ਵਿੱਚ ਯੂਨੀਵਰਸਿਟੀ/ਸਟੇਟ ਪ੍ਰਤੀਨਿਧੱਤਾ ਕਰਦੇ ਹੋਏ ਸਮੁੱਚੇ ਤੌਰ 'ਤੇ ਘੱਟੋ ਘੱਟ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਯੂਨਿਵਰਸਿਟੀ ਵਲੋਂ ਆਯੋਜਿਤ ਅੰਤਰ ਕਾਲਜ ਕੈਂਪ ਵਿੱਚ ਸਮੁੱਚੇ ਤੌਰ 'ਤੇ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਬੈਸਟ ਕੈਂਪਰ ਜਾਂ ਸੈਕਿੰਡ ਬੈਸਟ ਕੈਂਪਰ ਘੋਸ਼ਿਤ ਹੋਣ ਵਾਲੇ ਨੂੰ।
3. ਯੂਨਿਟ ਦੇ ਸਰਵੋਤਮ ਵਲੰਟੀਅਰ (ਕੇਵਲ ਇਕ) ਨੂੰ ਜੇਕਰ ਉਸਨੇ ਸਮੁੱਚੇ ਤੌਰ 'ਤੇ ਹੇਠ ਲਿਖੇ ਅਨੁਸਾਰ 25 ਅੰਕ ਪ੍ਰਾਪਤ ਕੀਤੇ ਹੋਣ। ਅੰਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:
   (i) ਹਰ ਦਸ ਰੋਜ਼ਾ ਕੈਂਪ ਦੇ –2 (ਵੱਧ ਤੋਂ ਵੱਧ 6 ਅੰਕ)
   (ii) ਅੰਤਰ ਕਾਲਜ ਦੇ ਕੈਂਪ–5
   (ii) 120 ਘੰਟੇ ਦੇ –2 (ਵੱਧ ਤੋਂ ਵੱਧ 6 ਅੰਕ)
   (iv) ਖੂਨਦਾਨ ਦੇ –5
   (v) ਅੰਤਰ ਕਾਲਜ ਕੈਂਪ ਵਿੱਚ ਕਿਸੇ ਪੁਰਸਕਾਰ ਲਈ –2

(vi) ਯੂਨਿਟ ਦਾ ਬੈਸਟ ਕੈਂਪਰ ਘੋਸ਼ਿਤ ਹੋਣ ਲਈ-2
(vii) ਬਾਲਗ ਸਿਖਿਆ ਕੇਂਦਰ ਚਲਾਉਣ ਲਈ-2
(viii) ਕੈਂਪ ਦੀਆਂ ਸਭਿਆਚਰਕ ਸਰਗਰਮੀਆਂ-2
(ix) ਸੀ.ਸਰਟੀਫਿਕੇਟ-2
(x) ਵੱਧ ਤੋਂ ਵੱਧ ਰੀਲੀਫ/ਸਹਾਇਤਾ ਫੰਡ ਇੱਕਠਾ ਕਰਨ ਲਈ-2
(xi) ਪੰਜਾਬ ਸਰਕਾਰ /ਯੂਨੀਵਰਸਿਟੀ ਵਲੋਂ ਆਯੋਜਿਤ ਕਿਸੇ ਵਿਸ਼ੇਸ਼ ਕੈਂਪ/ਸੰਮੇਲਨ ਵਿੱਚ ਪਹਿਲਾ ਇਨਾਮ-3, ਦੂਜਾ ਇਨਾਮ-2, ਤੀਜਾ ਇਨਾਮ-1
(xii) ਪ੍ਰੋਜੈਕਟ ਵਰਕ ਵਿੱਚ ਬੈਸਟ-5
(xiii) ਕੈਂਪ ਦੀਆਂ ਖੇਡਾਂ ਵਿਚ ਬੈਸਟ-3

## F. ਸੱਭਿਆਚਾਰਕ ਸਰਗਰਮੀਆਂ

ਉਹ ਵਿਦਿਆਰਥੀ ਰੋਲ ਆਫ ਆਨਰ ਦਾ ਹੱਕਦਾਰ ਹੋਵੇਗਾ ਜੋ ਹੇਠ ਲਿਖੇ ਅਨੁਸਾਰ ਕੁਲ ਮਿਲਾ ਕੇ 35 ਅੰਕ ਪ੍ਰਾਪਤ ਕਰੇਗਾ ਜੋ ਕੁਲ 25 ਅੰਕ ਪ੍ਰਾਪਤ ਕਰੇਗਾ, ਉਸਨੂੰ ਕਲਰ ਪ੍ਰਦਾਨ ਕੀਤਾ ਜਾਵੇਗਾ। ਇਹ ਅੰਕ ਅੰਤਰ ਕਾਲਜ ਮੁਕਾਬਲੇ ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਯੁਵਕ ਮੇਲੇ ਉਸੇ ਸੈਸ਼ਨ ਵਿਚ ਵੀ ਸ਼ਾਮਲ ਹਨ ਤੇ ਆਧਾਰ ਤੇ ਹਨ:

- ਪਹਿਲਾ ਇਨਾਮ = 5 ਅੰਕ
- ਦੂਸਰਾ ਇਨਾਮ = 3 ਅੰਕ
- ਤੀਸਰਾ ਇਨਾਮ = 2 ਅੰਕ
- ਟਰਾਫੀ = 5 ਅੰਕ
- ਕੰਸੋਲੇਸ਼ਨ = 1 ਅੰਕ

## G. ਯੁਵਕ ਮੇਲੇ ਤੇ ਯੂਨੀਵਰਸਿਟੀ ਮੁਕਾਬਲੇ

### (ੳ) ਰੋਲ ਆਫ ਆਨਰ

1. ਯੂਨੀਵਰਸਿਟੀ ਦੀ ਪ੍ਰਤੀਨਿੱਧਤਾ ਕਰਦੇ ਹੋਏ ਅੰਤਰ ਸਟੇਟ/ਸਰਬ ਹਿੰਦ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।

### (ਅ) ਕਾਲਜ ਕਲਰ

1. ਯੂਨੀਵਰਸਿਟੀ ਯੁਵਕ ਮੇਲੇ ਤੇ ਅੰਤਰ ਜੋਨਲ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਖੇਤਰੀ ਯੁਵਕ ਮੇਲੇ ਵਿੱਚ ਰਹਿਣ ਵਾਲੇ ਨੂੰ।
3. ਅੰਤਰ ਯੂਨੀਵਰਸਿਟੀ ਅੰਤਰ ਸਟੇਟ ਸਰਬ ਹਿੰਦ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿੱਧਤਾ ਕਰਦੇ ਹੋਏ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
4. ਗਰੁੱਪ ਆਈਟਮਾਂ ਦੇ ਸਬੰਧ ਵਿੱਚ ਹੇਠ ਲਿਖੀ ਪ੍ਰਤੀਸ਼ਤ ਦਰ ਲਾਗੂ ਕੀਤੀ ਜਾਵੇਗੀ।
   (ੳ) ਜ਼ੋਨਲ ਮੁਕਾਬਲੇ ਵਿੱਚ ਦੂਜਾ ਸਥਾਨ 10% ਜਾਂ ਘਟੋ ਘੱਟ ਇਕ ਕਲਰ
   (ਅ) ਜ਼ੋਨਲ ਮੁਕਾਬਲੇ ਵਿੱਚ ਪਹਿਲਾ ਸਥਾਨ 20%
   (ੲ) ਅੰਤਰ-ਜ਼ੋਨਲ / ਯੂਨੀਵਰਸਿਟੀ ਮੁਕਾਬਲੇ ਵਿੱਚ ਦੂਜਾ ਸਥਾਨ 33%
   (ਸ) ਅੰਤਰ-ਜ਼ੋਨਲ / ਯੂਨੀਵਰਸਿਟੀ ਮੁਕਾਬਲੇ ਵਿੱਚ ਪਹਿਲਾ ਸਥਾਨ 100%

**ਨੋਟ: ਉਪਰੋਕਤ ਪ੍ਰਤੀਸ਼ਤ ਦਰ ਕੇਵਲ ਉਨ੍ਹਾਂ ਕਲਾਕਾਰਾ ਲਈ ਹੈ ਜੋ ਸਚਮੁੱਚ ਸਟੇਜ ਤੇ ਆਪਣੀ ਕਲਾ ਦਾ ਪਰਦਰਸ਼ਨੀ ਕਰਦੇ ਹਨ। (ਸਹਿਯੋਗੀਆਂ ਨੂੰ ਇਸਦਾ ਲਾਭ ਨਹੀਂ ਹੋਵੇਗਾ)**

# ਕਾਲਜ ਦੇ ਵਿਦਿਆਰਥੀਆਂ ਲਈ ਅਤੀ ਜ਼ਰੂਰੀ ਨਿਰਦੇਸ਼

1. ਦਾਖਲਾ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀਆਂ ਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜ਼ਰੂਰੀ ਹੈ।
2. ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚੇ ਕੋਲੋਂ ਯੋਗਤਾ ਦੀਆਂ ਸ਼ਰਤਾਂ, ਲੈਕਚਰਾਂ ਦੀ ਘਾਟ, ਘਰੇਲੂ ਪ੍ਰੀਖਿਆਵਾਂ ਦੇ ਨਤੀਜੇ ਅਤੇ ਹੋਰ ਲੋੜੀਦੀਆਂ ਹਦਾਇਤਾਂ ਸਬੰਧੀ ਲਗਾਤਾਰ ਪਤਾ ਕਰਦੇ ਰਹਿਣ।
3. ਹਰ ਸਮੈਸਟਰ ਦੀ ਪ੍ਰੀਖਿਆ ਵਿੱਚ ਬੈਠਨ ਲਈ ਵਿਦਿਆਰਥੀ ਨੂੰ ਯੂਨਿਵਰਸਿਟੀ ਵਲੋਂ ਨਿਰਧਾਰਤ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨੀ ਲਾਜ਼ਮੀ ਹੋਵੇਗੀ। ਇਹ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿਤੀ ਜਾਵੇਗੀ।
4. ਹਰ ਵਿਦਿਆਰਥੀ ਦਾ ਹਰ ਵਿਸ਼ੇ ਦਾ ਮਹੀਨੇ ਵਿੱਚ ਇਕ ਵਾਰ ਟੈਸਟ ਹੋਵੇਗਾ, ਜਿਸ ਅਨੁਸਾਰ ਉਸਦੀ ਸਾਲ ਬਾਅਦ ਅਸੈਸਮੈਂਟ ਕੀਤੀ ਜਾਵੇਗੀ।
5. ਹਰ ਵਿਦਿਆਰਥੀ ਲਈ ਘਰੇਲੂ ਪ੍ਰੀਖਿਆ ਵਿੱਚ ਬੈਠਣਾ ਲਾਜ਼ਮੀ ਹੈ।ਖੇਡਾਂ ਜਾ ਸਭਿਆਚਾਰਕ ਗਤੀਵਿਧੀਆਂ, ਬਿਮਾਰੀ ਜਾਂ ਦੁਰਘਟਨਾ ਕਾਰਨ, ਘਰੇਲੂ ਪ੍ਰੀਖਿਆ ਨਾ ਦੇਣ ਵਾਲੇ ਵਿਦਿਆਰਥੀ ਨੂੰ ਸਪੈਸ਼ਲ ਪ੍ਰੀਖਿਆ ਲਈ ਪੂਰਵ-ਪ੍ਰਵਾਨਗੀ ਪ੍ਰਾਪਤ ਕਰਨੀ ਜਰੂਰੀ ਹੋਵੇਗੀ। ਅਜਿਹੀ ਪੂਰਵ ਆਗਿਆ ਪ੍ਰਾਪਤ ਨਾ ਕਰਨ ਵਾਲਾ ਵਿਦਿਆਰਥੀ ਸਪੈਸ਼ਲ ਪ੍ਰੀਖਿਆ ਵਿੱਚ ਬੈਠਨ ਦਾ ਹੱਕਦਾਰ ਨਹੀਂ ਹੋਵੇਗਾ।
6. ਘਰੇਲੂ ਪ੍ਰੀਖਿਆ ਵਿਚਕਾਰ ਬਿਮਾਰੀ ਦੀ ਛੁੱਟੀ ਦੀ ਅਰਜ਼ੀ ਤਾਂ ਮਨਜੂਰ ਹੋ ਸਕਦੀ ਹੈ ਜੇਕਰ ਉਸ ਨਾਲ ਘਟੋ ਘੱਟ ਐਮ.ਬੀ.ਬੀ.ਐਸ. ਡਾਕਟਰ ਦਾ ਮੈਡੀਕਲ ਸਰਟੀਫਿਕੇਟ ਲੱਗਾ ਹੋਵੇ। ਅਜਿਹੀ ਅਰਜ਼ੀ ਬੀਮਾਰੀ ਸਮੇਂ ਵਿਚਕਾਰ ਭੇਜਣੀ ਜ਼ਰੂਰੀ ਹੈ। ਇਮਤਿਹਾਨ ਹੋਣ ਉਪਰੰਤ ਕੋਈ ਮੈਡੀਕਲ ਸਰਟੀਫਿਕੇਟ ਮਨਜੂਰ ਨਹੀ ਹੋਵੇਗਾ। ਇਸ ਛੁੱਟੀ ਨਾਲ ਕੇਵਲ ਜ਼ੁਰਮਾਨੇ ਤੋਂ ਹੀ ਛੂਟ ਮਿਲ ਸਕਦੀ ਹੈ। ਇਸ ਨਾਲ ਇਮਤਿਹਾਨ ਦੀਆਂ ਸ਼ਰਤਾਂ ਉੱਪਰ ਕੋਈ ਫਰਕ ਨਹੀਂ ਪਵੇਗਾ।
7. ਕਾਲਜ ਅਨੁਸ਼ਾਸ਼ਨ ਭੰਗ ਕਰਨ ਵਾਲੇ ਕਿਸੇ ਵੀ ਵਿਦਿਆਰਥੀ ਦੇ ਖਿਲਾਫ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।
8. ਕਾਲਜ ਸੰਪਤੀ ਅਤੇ ਕਾਲਜ ਕੈਂਪਸ ਦੀ ਸਾਂਭ ਹਰ ਵਿਦਿਆਰਥੀ ਦਾ ਬੁਨਿਆਦੀ ਫਰਜ਼ ਹੈ।
9. **ਕਾਲਜ ਵਿੱਚ ਹਰ ਵਿਦਿਆਰਥੀ ਲਈ ਹਰ ਰੋਜ਼ ਸਨਾਖਤੀ ਕਾਰਡ ਲਿਆਉਣਾ ਜ਼ਰੂਰੀ ਹੈ।**
10. ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪ, ਕਲਾਸਾਂ ਅਤੇ ਕਾਲਜ ਦੇ ਸਾਲਾਨਾ ਖੇਡ ਸਮਾਰੋਹ ਉਤੇ ਗੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।
11. ਵਿਦਿਆਰਥੀ ਦਾ ਪਿਤਾ/ਸਰਪ੍ਰਸਤ ਸੈਸ਼ਨ ਦੌਰਾਨ ਸਮੇਂ ਸਮੇਂ ਆਪਣੇ ਵਾਰਡ ਦੀ ਅਕਾਦਮਿਕ ਪ੍ਰਗਤੀ ਅਤੇ ਆਮ ਜਾਣਕਾਰੀ ਲਈ ਕਾਲਜ ਪ੍ਰਸ਼ਾਸ਼ਨ ਨਾਲ ਲਾਜ਼ਮੀ ਸੰਪਰਕ ਕਰਨਗੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਉਸ ਦੇ ਵਾਰਡ ਸਬੰਧੀ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਦੀ ਜ਼ਿੰਮੇਵਾਰੀ ਦਫ਼ਤਰ ਦੀ ਨਹੀਂ ਹੋਵੇਗੀ।
12. ਇਹ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀ ਦੀ ਲੈਕਚਰ ਸ਼ਾਰਟੇਜ ਸਬੰਧੀ ਨਵੰਬਰ 2026 ਅਤੇ ਅਪ੍ਰੈਲ 2027 ਦੇ ਪਹਿਲੇ ਹਫਤੇ ਪਤਾ ਕਰਨ।
13. ਵਿਦਿਆਰਥੀ ਪੜ੍ਹਾਈ ਜਾਂ ਪ੍ਰੈਕਟੀਕਲ ਆਦਿ ਲਈ ਕਿਸੇ ਵੀ ਪ੍ਰਕਾਰ ਦੇ ਵੱਖਰੇ ਪ੍ਰਬੰਧ ਦੀ ਮੰਗ ਨਹੀਂ ਕਰੇਗਾ।
14. ਦਾਖਲੇ ਸਮੇਂ ਪ੍ਰਗਟ ਤੱਥਾਂ ਦੇ ਬਾਅਦ ਵਿੱਚ ਕਿਸੇ ਵੀ ਸਮੇਂ ਗਲਤ ਸਾਬਤ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਤੁਰੰਤ ਕਾਲਜ ਵਿਚੋਂ ਕੱਢ ਦਿਤਾ ਜਾਵੇਗਾ ਅਤੇ ਉਹ ਆਪਣੇ ਵਿਰੁੱਧ ਕਾਨੂੰਨੀ ਕਾਰਵਾਈ ਦਾ ਭਾਗੀ ਹੋਵੇਗਾ।
15. ਕਾਲਜ ਸਬੰਧੀ ਹਰ ਪ੍ਰਕਾਰ ਦੇ ਬਣੇ ਬਕਾਏ ਅਤੇ ਫੀਸਾਂ ਦੇ ਭੁਗਤਾਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੇ ਪਿਤਾ ਜਾਂ ਸਰਪ੍ਰਸਤ ਦੀ ਹੋਵੇਗੀ। ਸਮੇਂ ਸਿਰ ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਦੇ ਨੁਕਸਾਨ ਦੀ ਜ਼ਿਮੇਵਾਰੀ ਇਸ ਦਫ਼ਤਰ ਦੀ ਨਹੀਂ ਹੋਵੇਗੀ।
16. ਵਿਦਿਆਰਥੀਆਂ ਦੇ ਆਪਣੇ ਹਿੱਤਾਂ ਵਿੱਚ ਹੈ ਕਿ ਉਹ ਰੋਜ਼ਾਨਾ ਨੇਮ ਨਾਲ ਨੋਟਿਸ ਬੋਰਡ ਪੜ੍ਹਨ। ਕਾਲਜ ਵਿੱਚ ਹਰ ਸੂਚਨਾ ਕੇਵਲ ਨੋਟਿਸ ਬੋਰਡ ਉਤੇ ਹੀ ਲਗਾਈ ਜਾਂਦੀ ਹੈ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿੱਚ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਦੇ ਜ਼ਿੰਮੇਵਾਰੀ ਕੇਵਲ ਵਿਦਿਆਰਥੀ ਦੀ ਹੀ ਹੋਵੇਗੀ।
17. ਬਿਜਲੀ ਦੇ ਸਮਾਨ ਅਤੇ ਫਰਨੀਚਰ ਦੀ ਭੰਨ ਤੋੜ ਦੇ ਕੇਸ ਵਿੱਚ ਘੱਟੋ ਘੱਟ 500/- ਜ਼ੁਰਮਾਨਾ ਕੀਤਾ ਜਾਵੇਗਾ।
18. ਨੋਟਿਸ ਬੋਰਡ ਤੋਂ ਨੋਟਿਸ ਪਾੜ੍ਹਨ ਜਾਂ ਉਤਾਰਨ ਵਾਲੇ ਵਿਦਿਆਰਥੀ ਨੂੰ ਘੱਟੋ ਘੱਟ 500/- ਜ਼ਰਮਾਨਾ ਕੀਤਾ ਜਾਵੇਗਾ।
19. **ਕਾਲਜ ਕੈਂਪਸ ਵਿੱਚ ਵਿਦਿਆਰਥੀਆਂ ਨੂੰ ਫੋਨ ਸੁਣਨ ਦੀ ਮਨਾਹੀ ਹੈ। ਸਮਾਰਟ ਫੋਨ ਸਿਰਫ ਪੜ੍ਹਾਈ ਬਾਰੇ ਜਾਣਕਾਰੀ ਲੈਣ ਲਈ ਹੀ ਵਰਤਿਆ ਜਾ ਸਕਦਾ ਹੈ। ਇਮਤਿਹਾਨ ਵਾਲੇ ਦਿਨ ਪ੍ਰੀਖਿਆ ਕੇਂਦਰ ਵਿੱਚ ਮੋਬਾਇਲ ਫੋਨ ਲੈ ਕੇ ਜਾਣ ਦੀ ਸਖਤ ਮਨਾਹੀ ਹੈ।**
20. ਸਟਾਫ ਦੀਆਂ ਕਾਰਾਂ ਦੇ ਕੋਲ ਖੜੇ ਹੋਣਾ, ਉਤੇ ਕਿਤਾਬਾਂ ਰੱਖਣਾ ਮਨ੍ਹਾਂ ਹੈ।
21. **ਰੈਗਿੰਗ ਸਖ਼ਤ ਮਨ੍ਹਾਂ ਹੈ। ਰੈਗਿੰਗ ਸਬੰਧੀ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਹਨਾਂ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਨਿਲੰਬਿਤ ਵੀ ਕੀਤਾ ਜਾ ਸਕਦਾ ਹੈ।**

# ਦਾਖਲੇ ਸਮੇਂ ਫੀਸਾਂ ਅਤੇ ਸਾਲਾਨਾ ਫੰਡਾਂ ਦੀ ਵਸੂਲੀ ਦਾ ਵੇਰਵਾ

(ਫੀਸਾਂ ਵਿੱਚ ਤਬਦੀਲੀ ਸਰਕਾਰ/ਯੂਨੀਵਰਸਿਟੀ - ਕਿਸੇ ਵੇਲੇ ਵੀ ਕਰ ਸਕਦੀ ਹੈ)

| ਕਲਾਸ | B.A./B.Com-I | B.Sc.Med-I | B.Sc.N. Med-I | B.A./B.ComII/III | B.Sc. II/III(Med) | B.ScII/III(N.Med) | M.A.I | M.A.II |
|---|---|---|---|---|---|---|---|---|
| ਦਾਖਲਾ ਫੀਸ | 10 | 10 | 10 | 10 | 10 | 10 | 10 | 10 |
| ਟਿਊਸ਼ਨ ਫੀਸ | 72+72 | 72+72 | 72+72 | 72+72 | 72+72 | 72+72 | 90+90 | 90+90 |
| ਰਜਿਸਟ੍ਰੇਸ਼ਨ ਫੀਸ | 400 | 400 | 400 | 400 | 400 | 400 | 400 | 300 |
| ਯੂਨੀਵਰਸਿਟੀ ਫੀਸ | 10 | 10 | 10 | 10 | 10 | 10 | 10 | 10 |
| ਸਪੋਰਟਸ ਡਿਵਲਪਮੈਂਟ ਫੀਸ | 1430 | 1430 | 1430 | 1430 | 1430 | 1430 | 970 | 1430 |
| ਯੂਥ ਵੈਲਫੇਅਰ ਫੀਸ | 200 | 200 | 200 | 200 | 200 | 200 | 200 | 200 |
| ਹਾਲੀਡੇ ਹੋਮ ਫੀਸ | 100 | 100 | 100 | 100 | 100 | 100 | 100 | 100 |
| ਐਨ.ਐਸ.ਐਸ. ਫੰਡ | 50 | 50 | 50 | 50 | 50 | 50 | 50 | 50 |
| ਸਾਇੰਸ ਫੰਡ | ... | 144 | 102 | ... | 144 | 102 | .... | ... |
| ਅਮੈਲਗਾਮੇਟਡ ਫੰਡ | 48+48 | 48+48 | 48+48 | 48+48 | 48+48 | 48+48 | 48+48 | 48+48 |
| ਵਾਰਸ਼ਿਕ ਚੰਦੇ | 235 | 235 | 235 | 235 | 235 | 235 | 235 | 235 |
| ਪੀ.ਟੀ.ਏ | 2500 | 2500 | 2500 | 2500 | 2500 | 2500 | 2500 | 2500 |
| ਪੁਸਤਕ ਜਮਾਨਤ ਫੀਸ | 30 | 30 | 30 | 30 | 30 | 30 | 30 | |
| ਕਾਲਜ ਵਿਕਾਸ ਫੀਸ<br>ਮਾਇਗ੍ਰੇਸ਼ਨ ਫੀਸ | | ਯੂਨੀਵਰਸਿਟੀ ਨਿਯਮਾਂ ਅਨੁਸਾਰ | | | | | | 1000 |
| ਵੈਰੀਫਕੇਸ਼ਨ ਫੀਸ | 1000 | 1000 | 1000 | 1000 | 1000 | 1000 | 1000 | 50 |
| ਕੰਨਵੋਕੇਸ਼ਨ ਫੀਸ | ... | ... | ... | ... | 50 | 50 | .... | 150 |
| ਮੁੜ ਚੈਕਿੰਗ ਫੀਸ | ... | ... | ... | ... | .... | .... | 150 | 50 |
| ਵਰਲਡ ਯੂਨੀਵਰਸਿਟੀ ਫੀਸ | 50 | 50 | 50 | 50 | 50 | 50 | 50 | 20 |
| ਹਾਈਰ ਐਜੂਕੇਸ਼ਨ ਫੀਸ | 20 | 20 | 20 | 20 | 20 | 20 | 20 | 20 |

## ਨੋਟ:-

1. ਮਾਈਗ੍ਰੇਸ਼ਨ ਫੀਸ ਕੇਵਲ ਮਾਈਗਰੇਟ ਕਰਕੇ ਆਉਂਦੇ ਵਾਲੇ ਵਿਦਿਆਰਥੀਆਂ ਕੋਲੋਂ ਹੀ ਲਈ ਜਾਂਦੀ ਹੈ।
2. ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਤੋਂ ਛੂਟ ਹੋਵੇਗੀ, ਪਰ ਉਹਨਾਂ ਨੂੰ ਯੋਗ ਅਧਿਕਾਰੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਅਤੇ ਸਰਪੰਚ/ਐਮ.ਸੀ./ਤਹਿਸੀਲਦਾਰ ਵੱਲੋਂ ਜਾਰੀ ਕੀਤਾ ਅਨੁਲਗ-2 ਫਾਰਮ ਦੇਣਾ ਪਵੇਗਾ।
3. ਵੈਰੀਫਿਕੇਸ਼ਨ ਫੀਸ (ਇਹ ਫੀਸ ਉਹਨਾਂ ਵਿਦਿਆਰਥੀਆਂ ਤੋਂ ਲਈ ਜਾਣੀ ਹੈ ਜਿਨ੍ਹਾਂ ਨੇ ਹੇਠਲੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਾਸ ਕੀਤੀ ਹੈ।
4. ਭੂਗੋਲ, ਮਿਊਜਿਕ ਅਤੇ ਆਨਰਜ਼ ਪੜ੍ਹਨ ਵਾਲੇ ਵਿਦਿਆਰਥੀਆਂ ਪਾਸੋਂ ਹੋਰ ਫੰਡ ਲਿਆ ਜਾਵੇਗਾ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:
   - (ੳ) ਮਿਊਜਿਕ ਫੰਡ: 7 ਰੁਪਏ ਪ੍ਰਤੀ ਮਹੀਨੇ ਸਾਰੀਆਂ ਕਲਾਸਾਂ ਲਈ
   - (ਅ) ਆਨਰਜ਼ ਫੰਡ: 2 ਰੁਪਏ ਪ੍ਰਤੀ ਮਹੀਨਾ ਸਾਰੀਆਂ ਕਲਾਸਾਂ ਲਈ
   - (ੲ) ਭੂਗੋਲ ਫੰਡ: 7 ਰੁਪਏ ਪ੍ਰਤੀ ਮਹੀਨਾ ਸਾਰੀਆਂ ਕਲਾਸਾਂ ਲਈ
5. ਲੜਕੀਆਂ ਨੂੰ ਟਿਊਸ਼ਨ ਫੀਸ ਤੋਂ ਛੋਟ ਹੋਵੇਗੀ।
6. ਕਨਵੋਕੇਸ਼ਨ ਫੀਸ ਕੇਵਲ ਬੀ.ਏ., ਬੀ.ਐਸ ਸੀ., ਬੀ.ਕਾਮ., ਭਾਗ ਤੀਜਾ ਅਤੇ ਐੱਮ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਕੋਲੋਂ ਹੀ ਲਈ ਜਾਵੇਗੀ।
7. ਕਿਸੇ ਵੀ ਫੀਸ ਅਤੇ ਫੰਡ ਵਿੱਚ ਤਬਦੀਲੀ ਪੰਜਾਬ ਸਰਕਾਰ / ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਅਗੇਤੀ ਸੂਚਨਾ ਤੋਂ ਬਗੈਰ ਕੀਤੀ ਜਾ ਸਕਦੀ ਹੈ।

# ਵਿਦਿਆਰਥੀ ਲਈ ਕੋਡ ਆਫ਼ ਕੰਡਕਟ (ਅਚਾਰ ਸੰਹਿਤਾ)

**ਕਾਲਜ ਦੇ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਊਰਜਾ ਸਿੱਖਣ ਅਤੇ ਇੱਕ ਸਿਹਤਮੰਦ ਸਖਸ਼ੀਅਤ ਦੇ ਵਿਕਾਸ ਲਈ ਸਮਰਪਿਤ ਕਰਨਗੇ।**

**ਵਿਦਿਆਰਥੀ ਕਰਨਗੇ:**

1. ਕਾਲਜ ਦੇ ਨਿਯਮਾਂ, ਨੀਤੀਆਂ, ਪ੍ਰਕ੍ਰਿਆਵਾਂ ਦੀ ਪਾਲਣਾ ਕਰਨਾ ਅਤੇ ਇਸਦੇ ਆਦਰਸ਼ਾਂ, ਦ੍ਰਿਸ਼ਟੀ, ਮਿਸ਼ਨ, ਸਭਿਆਚਰਕ ਅਭਿਆਸਾਂ ਅਤੇ ਪਰੰਪਰਾਵਾਂ ਦਾ ਆਦਰ ਕਰਨਾ।
2. ਕਲਾਸ ਲੈਕਚਰਾਂ, ਟਿਊਟੋਰੀਅਲਾਂ ਅਤੇ ਖੋਜਾਂ ਵਿੱਚ ਸ਼ਾਮਲ ਹੋਣ ਲਈ ਸਮੇਂ ਦੇ ਪਾਬੰਧ, ਅਨੁਸ਼ਾਸ਼ਿਤ ਅਤੇ ਨਿਯਮਤ ਰਹਿਣਾ।
3. ਉਹਨਾਂ ਦੀ ਸਮੁੱਚੀ ਦਿੱਖ ਅਤੇ ਵਿਵਹਾਰ ਵਿੱਚ ਨਿਮਰਤਾ ਦਾ ਪਾਲਣਾ ਕਰਨਾ।
4. ਅਧਿਆਪਕਾਂ, ਸਟਾਫ਼ ਅਤੇ ਸਾਥੀ ਵਿਦਿਆਰਥੀਆਂ ਨਾਲ ਸਨਮਾਨ ਅਤੇ ਸ਼ਿਸ਼ਟਾਚਾਰ ਨਾਲ ਪੇਸ਼ ਆਉਣਾ।
5. ਕਦਰਾਂ-ਕੀਮਤਾਂ ਅਤੇ ਨੈਤਿਕਤਾ ਦੇ ਉਚੇ ਪੱਧਰ ਨੂੰ ਪ੍ਰਾਪਤ ਕਰਕੇ ਜੂਨੀਅਰ ਵਿਦਿਆਰਥੀਆਂ ਲਈ ਰੋਲ ਮਾਡਲ ਵਜੋਂ ਕੰਮ ਕਰਨਾ।
6. ਵੱਖ ਵੱਖ ਸਮਾਜਿਕ ਅਤੇ ਆਰਥਿਕ ਸਥਿਤੀਆਂ, ਭਾਈਚਾਰਿਆਂ, ਜਾਤਾਂ, ਧਰਮਾਂ ਅਤੇ ਖੇਤਰਾਂ ਨਾਲ ਸਬੰਧਤ ਵਿਦਿਆਰਥੀਆਂ ਵਿਚਕਾਰ ਸਦਭਾਵਨਾ ਬਣਾਈ ਰੱਖਣਾ।
7. ਕੈਂਪਸ ਅਤੇ ਇਸਦੇ ਆਲੇ ਦੁਆਲੇ ਦੀ ਸਫ਼ਾਈ ਲਈ ਯੋਗਦਾਨ ਪਾਉਣਾ।
8. ਸੰਸਥਾਗਤ ਸਪੰਤੀ ਲਈ ਸਤਿਕਾਰ ਅਤੇ ਦੇਖਭਾਲ ਦਿਖਾਉਣਾ।
9. ਵਿਦਿਅਕ ਟੂਰ/ਵਿਜ਼ਿਟ ਜਾਂ ਸੈਰ ਸਪਾਟਾ ਦੌਰਾਨ ਉਚਿਤ ਵਿਵਹਾਰ ਦਾ ਪਾਲਣ ਕਰਨਾ।
10. ਸਾਰੇ ਦਸਤਾਵੇਜਾਂ ਬਾਰੇ ਸੱਚੀ ਜਾਣਕਾਰੀ ਪ੍ਰਦਾਨ ਕਰਨ ਪ੍ਰਤੀ ਇਮਾਨਦਾਰ ਹੋਣਾ।
11. ਆਪਣਾ ਅਕਾਦਮਿਕ ਕੰਮ ਪੇਸ਼ ਕਰਦੇ ਹੋਏ ਅਕਾਦਮਿਕ ਅਖੰਡਤਾ ਦੇ ਉਚੇ ਮਿਆਰਾਂ ਨੂੰ ਕਾਇਮ ਰੱਖਣਾ।
12. ਸਾਰੇ ਵਿਦਿਆਰਥੀਆਂ ਲਈ ਸਿੱਖਣ ਦੇ ਅਨੁਕੂਲ ਮਹੌਲ ਨੂੰ ਬਣਾਈ ਰੱਖਣ ਵਿੱਚ ਅਧਿਆਪਕਾਂ ਦੀ ਮਦਦ ਕਰਨਾ।
13. ਕੈਂਪਸ ਨੂੰ ਰੈਗਿੰਗ ਮੁਕਤ ਰੱਖਣ ਦੀ ਕੋਸ਼ਿਸ਼ ਕਰਨਾ।
14. ਲਿੰਗ ਮੁੱਦਿਆ ਪ੍ਰਤੀ ਸੰਵੇਦਨਸ਼ੀਲ ਹੋਣਾ।
15. ਸਮਾਜਿਕ ਲੋੜਾਂ ਅਤੇ ਵਿਕਾਸ ਪ੍ਰਤੀ ਸੰਵੇਦਨਸ਼ੀਲ ਹੋਣਾ।
16. ਚੰਗੀ ਸਿਹਤ ਬਣਾਈ ਰੱਖਣਾ ਅਤੇ ਕਿਸੇ ਵੀ ਕਿਸਮ ਦੇ ਨਸ਼ੀਲੇ ਪਦਾਰਥਾਂ ਤੋਂ ਬਚਣਾ।



# ਕਾਲਜ ਦੀਆਂ ਗਤੀਵਿਧੀਆਂ - ਇੱਕ ਝਾਤ



ਕਾਲਜ ਦੇ ਕਨਵੋਕੇਸ਼ਨ 2025-26 ਦੇ ਸਮਾਰੋਹ ਵਿੱਚ **ਸ਼੍ਰੀ ਕਵਿੰਦਰ ਗੁਪਤਾ** (ਲੈਫਟੀਨੈਂਟ ਗਵਰਨਰ ਲੱਦਾਖ) ਦਾ ਸਵਾਗਤ ਕਰਦੇ ਹੋਏ ਪ੍ਰਿੰਸੀਪਲ **ਡਾ. ਅਸ਼ਵਨੀ ਕੁਮਾਰ ਭੱਲਾ** ਅਤੇ ਸਮੂਹ ਸਟਾਫ਼ ਮੈਂਬਰ



ਚੀਫ ਗੈਸਟ ਕਾਲਜ ਦਾ ਦੌਰਾ ਕਰਦੇ ਹੋਏ



ਪ੍ਰਮੁੱਖ ਸਖਸ਼ੀਅਤਾਂ ਕਨਵੋਕੇਸ਼ਨ ਸਮਾਗਮ ਵਿੱਚ ਸ਼ਮਾਂ ਰੌਸ਼ਨ ਕਰਦੀਆਂ ਹੋਈਆਂ



ਚੀਫ ਗੈਸਟ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਦੇ ਹੋਏ



ਸ਼੍ਰੀ ਕਵਿੰਦਰ ਗੁਪਤਾ (ਲੈਫਟੀਨੈਂਟ ਗਵਰਨਰ ਲੱਦਾਖ) ਨਾਲ ਸਮੂਹ ਸਟਾਫ਼ ਦੀ ਯਾਦਗਾਰੀ ਤਸਵੀਰ

# ਕਾਲਜ ਦੀਆਂ ਗਤੀਵਿਧੀਆਂ - ਇੱਕ ਝਾਤ

## ਜ਼ੋਨਲ ਯੁਵਕ ਮੇਲੇ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ




ਜ਼ੋਨਲ ਯੁਵਕ ਮੇਲੇ ਵਿੱਚ ਕਾਲਜ ਦਾ ਵਿਦਿਆਰਥੀ ਬੀਨਾ ਪ੍ਰਦਰਸ਼ਨ ਕਰਦਾ ਹੋਇਆ



ਕਾਲਜ ਦੇ ਵਿਦਿਆਰਥੀ ਗਰੁੱਪ ਸ਼ਬਦ ਗਾਇਨ ਕਰਦੇ ਹੋਏ



ਕਾਲਜ ਦਾ ਵਿਦਿਆਰਥੀ ਗਜ਼ਲ ਦੀ ਪੇਸ਼ਕਾਰੀ ਕਰਦਾ ਹੋਇਆ



ਵਾਰ ਗਾਇਨ ਕਰਦੇ ਹੋਏ ਵਿਦਿਆਰਥੀ



ਫੋਕ ਆਰਕੈਸਟਰਾ ਦੀ ਪੇਸ਼ਕਾਰੀ



ਕੋਰੀਓਗ੍ਰਾਫੀ ਦੀ ਪੇਸ਼ਕਾਰੀ

# ਕਾਲਜ ਦੀਆਂ ਗਤੀਵਿਧੀਆਂ - ਇੱਕ ਝਾਤ




ਜ਼ੋਨਲ ਯੁਵਕ ਮੇਲੇ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਅਤੇ ਸਮੂਹ ਸਟਾਫ਼ ਸੈਕੰਡ ਰਨਰ ਅੱਪ ਟਰਾਫੀ ਹਾਸਿਲ ਕਰਦੇ ਹੋਏ



ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਰਜਨੀ ਬੈਕਟਰ ਦੀ ਕਹਾਣੀ ਦੀ ਛਓਸਏ ਸ਼ਟੂਦੇ ਨੂੰ ਪੇਸ਼ ਕਰਦੇ ਹੋਏ




ਵਿਸ਼ਵ ਪਰਿਆਵਰਣ ਦਿਵਸ ਤੇ ਮੁੱਖ ਮਹਿਮਾਨ ਨੂੰ ਸਨਮਾਨਿਤ ਕਰਦੇ ਹੋਏ




ਨੈਸ਼ਨਲ ਸਾਇੰਸ ਡੇਅ ਵਿੱਚ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਦੇ ਹੋਏ ਮੁੱਖ ਮਹਿਮਾਨ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ




ਬਨਸਪਤੀ ਵਿਗਿਆਨ ਵਿਭਾਗ ਵੱਲੋਂ ਕਰਵਾਏ ਗਏ ਐਕਸਟੈਂਸ਼ਨ ਲੈਕਚਰ ਰਿਸੋਰਸ ਪਰਸਨ ਡਾ. ਨਿਤਿਕਾ ਅਰੋੜਾ ਨੂੰ ਸਨਮਾਨਿਤ ਕਰਦੇ ਹੋਏ



ਦੋ ਰੋਜ਼ਾ ਸਕਿਲ ਬੇਸਡ ਲੀਡਰਸ਼ਿਪ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਦੇ ਹੋਏ




ਡਾ. ਪੂਜਾ ਤਿਆਗੀ (ਸਾਇਕੋਲੋਜੀ ਵਿਭਾਗ) ਗੁਰੂ ਨਾਨਕ ਦੇਵ ਯੂਨੀਵਰਸਿਟੀ ਮੈਂਟਲ ਹੈਲਥ ਵਰਕਸ਼ਾਪ ਉੱਪਰ ਵਿਚਾਰ ਪੇਸ਼ ਕਰਦੇ ਹੋਏ




ਇੰਟਰਐਕਟਿਵ ਕੇਸ ਸਟੱਡੀ ਅਤੇ ਬ੍ਰੇਨਸਟਾਰਮਿੰਗ ਵਿੱਚ ਭਾਗ ਲੈਂਦੇ ਹੋਏ ਵਿਦਿਆਰਥੀ

# SAY NO TO RAGGING

# SAY NO TO DRUGS

## CREATE A SAFE & HEALTHY FUTURE!




**FOR A SAFER CAMPUS & A BRIGHTER TOMORROW!**

## ਰੈਗਿੰਗ ਇੱਕ ਕਾਨੂੰਨੀ ਅਪਰਾਧ ਹੈ ।

Scan for Suggestion/Complaint

ਦਾਖਲਾ ਲੈਣ ਵਾਲੇ ਹਰੇਕ ਵਿੱਦਿਆਰਥੀ ਲਈ ਯੂ.ਜੀ.ਸੀ. ਦੇ ਐਂਟੀ ਰੈਗਿੰਗ ਤੇ ਆਪਣੀ ਰਜਿਸਟ੍ਰੇਸ਼ਨ ਕਰਕੇ ਸੰਕਲਪ ਪੱਤਰ ਭਰਨਾ ਜ਼ਰੂਰੀ ਹੈ।

Visit : antiragging.in

ਸੰਪਰਕ : 01874-241057

# ਪ੍ਰਾਸਪੈਕਟਸ
2026-27





## GOVERNMENT COLLEGE GURDASPUR

**NAAC ACCREDITED B++**

E-mail: gcgurdaspur@gmail.com I Website: www.govtcollegegurdaspur.ac.in

Scan QR Code to Visit College Website